Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 188 08/12/2025 www.samajweekly.com samajweekly @samajweekly samajweekly

# ‘ਕਰੀਮੀ ਲੇਅਰ’ ਦੇ ਸਿਧਾਂਤ ਦੀ ਵਕਾਲਤ ਕਰਨ ਲਈ ਮੈਨੂੰ ਆਪਣੇ ਹੀ ਭਾਈਚਾਰੇ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ: ਸਾਬਕਾ ਚੀਫ਼ ਜਸਟਿਸ ਗਵਈ

**ਨਵੀਂ ਦਿੱਲੀ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੀਰਵਾਰ ਸ਼ਾਮ ਦੋ ਦਿਨਾਂ ਦੌਰੇ ਲਈ ਨਵੀਂ ਦਿੱਲੀ ਪਹੁੰਚੇ। ਇਸ ਯਾਤਰਾ ਦਾ ਉਦੇਸ਼ ਲਗਭਗ ਅੱਠ ਦਹਾਕੇ ਪੁਰਾਣੀ ਭਾਰਤ-ਰੂਸ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਹੈ, ਇੱਕ ਅਜਿਹੀ ਸਾਂਝੇਦਾਰੀ ਜੋ ਗੁੰਝਲਦਾਰ ਭੂ-ਰਾਜਨੀਤਿਕ ਵਾਤਾਵਰਣ ਦੇ ਬਾਵਜੂਦ ਸਥਿਰ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਵਾਈ ਅੱਡੇ 'ਤੇ ਰੂਸੀ ਰਾਸ਼ਟਰਪਤੀ ਦਾ ਸਵਾਗਤ ਕੀਤਾ। ਸ਼ੁੱਕਰਵਾਰ ਨੂੰ 23ਵੇਂ ਭਾਰਤ-ਰੂਸ ਸੰਮੇਲਨ ਲਈ ਸਕਾਰਾਤਮਕ ਮਾਹੌਲ ਬਣਾਉਣ ਲਈ ਪ੍ਰਧਾਨ ਮੰਤਰੀ ਮੋਦੀ ਅੱਜ ਸ਼ਾਮ ਪੁਤਿਨ ਲਈ ਇੱਕ ਨਿੱਜੀ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਨਗੇ। ਦੋਵਾਂ ਨੇਤਾਵਾਂ ਵਿਚਕਾਰ ਗੱਲਬਾਤ ਦੇ ਮੁੱਖ ਵਿਸ਼ੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ, ਭਾਰਤ-ਰੂਸ ਵਪਾਰ ਨੂੰ ਬਾਹਰੀ ਦਬਾਅ ਤੋਂ ਬਚਾਉਣ ਅਤੇ ਛੋਟੇ ਮਾਡਿਊਲਰ



ਪਲਾਂਟਾਂ ਵਿੱਚ ਸਹਿਯੋਗ ਦੀ ਪੜਚੋਲ ਕਰਨ ਵਰਗੇ ਮੁੱਦਿਆਂ 'ਤੇ ਕੇਂਦ੍ਰਤ ਹੋਣਗੇ। ਇਸ ਮੀਟਿੰਗ ਨੂੰ ਪੱਛਮੀ ਦੇਸ਼ਾਂ ਦੁਆਰਾ ਨੇੜਿਓਂ ਦੇਖਣ ਦੀ ਸੰਭਾਵਨਾ ਹੈ। ਰੂਸੀ ਨੇਤਾ ਦੀ ਨਵੀਂ ਦਿੱਲੀ ਦੀ ਲਗਭਗ 27 ਘੰਟੇ ਦੀ ਫੇਰੀ ਮਹੱਤਵਪੂਰਨ ਮੰਨੀ ਜਾਂਦੀ ਹੈ ਕਿਉਂਕਿ ਇਹ ਤੇਜ਼ੀ ਨਾਲ ਵਿਗੜ ਰਹੇ ਭਾਰਤ-ਅਮਰੀਕਾ ਸਬੰਧਾਂ ਦੇ ਪਿਛੋਕੜ ਦੇ ਵਿਰੁੱਧ ਹੈ। ਮੀਟਿੰਗ ਤੋਂ ਬਾਅਦ, ਦੋਵਾਂ ਧਿਰਾਂ ਵਿਚਕਾਰ ਵਪਾਰ ਦੇ ਖੇਤਰਾਂ ਸਮੇਤ ਕਈ ਸਮਝੌਤੇ ਹੋਣ ਦੀ ਉਮੀਦ ਹੈ। ਪੁਤਿਨ ਦਾ ਸ਼ੁੱਕਰਵਾਰ ਸਵੇਰੇ ਰਾਸ਼ਟਰਪਤੀ ਭਵਨ ਵਿੱਚ ਰਸਮੀ ਸਵਾਗਤ ਕੀਤਾ ਜਾਵੇਗਾ, ਜਿਸ ਤੋਂ ਪਹਿਲਾਂ ਦੋਵਾਂ ਆਗੂਆਂ ਵਿਚਕਾਰ ਮੁਲਾਕਾਤ ਹੋਵੇਗੀ। ਇਹ ਮੁਲਾਕਾਤ ਹੈਦਰਾਬਾਦ ਹਾਊਸ ਵਿੱਚ ਹੋਵੇਗੀ, ਜਿੱਥੇ ਮੋਦੀ ਰਾਸ਼ਟਰਪਤੀ ਪੁਤਿਨ ਅਤੇ ਉਨ੍ਹਾਂ ਦੇ ਵਫ਼ਦ ਲਈ ਇੱਕ ਦਾਅਵਤ ਦੀ ਮੇਜ਼ਬਾਨੀ ਕਰਨਗੇ, ਜਿਸ ਦੌਰਾਨ ਕਈ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਇਸ ਮਾਮਲੇ ਤੋਂ ਜਾਣੂ ਲੋਕਾਂ ਦੇ ਅਨੁਸਾਰ, ਪੁਤਿਨ ਸਵੇਰੇ ਰਾਜਘਾਟ ਵੀ ਜਾਣਗੇ। ਮੀਟਿੰਗ ਤੋਂ ਬਾਅਦ, ਪੁਤਿਨ ਰੂਸੀ ਰਾਜ ਪ੍ਰਸਾਰਕ ਦੇ ਨਵੇਂ 'ਇੰਡੀਆ ਚੈਨਲ' ਨੂੰ ਲਾਂਚ ਕਰਨਗੇ, ਜਿਸ ਤੋਂ ਬਾਅਦ ਉਹ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਉਨ੍ਹਾਂ ਦੇ ਸਨਮਾਨ ਵਿੱਚ ਆਯੋਜਿਤ ਇੱਕ ਰਾਜਕੀ ਦਾਅਵਤ ਵਿੱਚ ਸ਼ਾਮਲ ਹੋਣਗੇ। ਰੂਸੀ ਨੇਤਾ ਦੇ ਸ਼ੁੱਕਰਵਾਰ ਰਾਤ 9 ਵਜੇ ਦੇ ਕਰੀਬ ਭਾਰਤ ਰਵਾਨਾ ਹੋਣ ਦੀ ਉਮੀਦ ਹੈ।

# ਪੰਜਾਬ ਦਾ ਮੁੱਖ ਮੰਤਰੀ ਬਣਨ ਲਈ 500 ਕਰੋੜ ਰੁਪਏ ਚਾਹੀਦੈ: ਨਵਜੋਤ ਕੌਰ ਸਿੱਧੂ

## ਮੁੱਖ ਮੰਤਰੀ ਦਾ ਚਿਹਰਾ ਬਣਾਉਣ ’ਤੇ ਹੀ ਰਾਜਨੀਤੀ ਵਿਚ ਵਾਪਸੀ ਕਰਨਗੇ ਨਵਜੋਤ ਸਿੰਘ ਸਿੱਧੂ; ਸਾਬਕਾ ਵਿਧਾਇਕ ਦੇ ਬਿਆਨ ਨਾਲ ਸਿਆਸੀ ਤੂਫ਼ਾਨ ਆਇਆ

**ਚੰਡੀਗੜ੍ਹ।** ਕ੍ਰਿਕਟਰ ਤੋਂ ਸਿਆਸਤਦਾਨ ਬਣੇ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਇਹ ਦੋਸ਼ ਲਗਾ ਕੇ ਪੰਜਾਬ ਵਿੱਚ ਸਿਆਸੀ ਤੂਫ਼ਾਨ ਮਚਾ ਦਿੱਤਾ ਹੈ ਕਿ ਪੰਜਾਬ ਵਿੱਚ ਮੁੱਖ ਮੰਤਰੀ ਬਣਨ ਲਈ 500 ਕਰੋੜ ਰੁਪਏ ਨਾਲ ਭਰਿਆ ਸੂਟਕੇਸ ਦੇਣਾ ਪੈਂਦਾ ਹੈ ਜੋ ਉਨ੍ਹਾਂ ਦਾ ਪਤੀ ਨਹੀਂ ਦੇ ਸਕਦਾ। ਸਾਬਕਾ ਵਿਧਾਇਕ ਨੇ ਸ਼ਨਿਚਰਵਾਰ ਸ਼ਾਮ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਸੂਬੇ ਵਿੱਚ ਵਿਗੜੀ ਕਾਨੂੰਨ ਵਿਵਸਥਾ ਸਣੇ ਹੋਰ ਮੁੱਦਿਆਂ ’ਤੇ ਗੱਲਬਾਤ ਕੀਤੀ। ਹਾਲਾਂਕਿ ਉਨ੍ਹਾਂ ਨੇ ਇਹ ਟਿੱਪਣੀ ਕਰਦੇ ਵੇਲੇ ਕਿਸੇ ਪਾਰਟੀ ਦਾ ਨਾਮ ਨਹੀਂ ਲਿਆ ਪਰ ਉਨ੍ਹਾਂ ਨੇ ਖਾਸ ਤੌਰ ’ਤੇ ਕਿਹਾ ਕਿ ਸਿੱਧੂ ਸਰਗਰਮ ਰਾਜਨੀਤੀ ਵਿੱਚ ਤਾਂ ਹੀ ਵਾਪਸ ਆਉਣਗੇ ਜੇਕਰ ਉਨ੍ਹਾਂ ਨੂੰ ਕਾਂਗਰਸ ਦਾ ਮੁੱਖ ਮੰਤਰੀ ਚਿਹਰਾ ਬਣਾਇਆ ਜਾਂਦਾ ਹੈ। ਨਵਜੋਤ ਕੌਰ ਨੇ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਬਹੁਤ ਜ਼ਿਆਦਾ ਗੁੱਟਬਾਜ਼ੀ ਹੈ ਤੇ ਇੱਥੇ ਕਈ ਜਣੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਚੋਣ ਲੜਨ ਲਈ ਇਕ ਦੂਜੇ ਨੂੰ ਨੀਚਾ ਦਿਖਾ ਰਹੇ ਹਨ। ਉਨ੍ਹਾਂ ਕਿਹਾ, ‘ਪਹਿਲਾਂ ਹੀ ਕਾਂਗਰਸ ਕੋਲ ਪੰਜ ਮੁੱਖ ਮੰਤਰੀ ਚਿਹਰੇ ਹਨ ਜੋ ਪਾਰਟੀ ਨੂੰ ਹਰਾਉਣ ਵਿੱਚ ਰੁੱਝੇ ਹੋਏ ਹਨ।’ ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਕੋਲ ਕਿਸੇ ਵੀ ਪਾਰਟੀ ਨੂੰ ਦੇਣ ਲਈ ਕੋਈ ਪੈਸਾ ਨਹੀਂ ਹੈ, ਪਰ ਉਹ ਪੰਜਾਬ ਨੂੰ ਇੱਕ ਸੁਨਹਿਰੀ ਰਾਜ ਵਿੱਚ ਬਦਲ ਸਕਦੇ ਹਨ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਉਸ ਦੇ ਪਤੀ ਕਾਂਗਰਸ ਅਤੇ ਪਾਰਟੀ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਮਜ਼ਬੂਤੀ ਨਾਲ ਜੁੜੇ ਹੋਏ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਇਸ ਵਿਵਾਦ ਵਿੱਚ



ਫਸਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਪਾਰਟੀ ਹਾਈਕਮਾਂਡ ਦਾ ਕੰਮ ਹੈ। ਸਾਬਕਾ ਉਪ ਮੁੱਖ ਮੰਤਰੀ ਅਤੇ ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਿੱਧੂ ਪਰਿਵਾਰ ਨੂੰ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ, ‘ਇੰਝ ਲੱਗਦਾ ਹੈ ਕਿ ਜਿਸ ਮਿਸ਼ਨ ਲਈ ਸਿੱਧੂ ਪਰਿਵਾਰ ਕਾਂਗਰਸ ਵਿੱਚ ਆਇਆ ਸੀ ਉਹ ਪੂਰਾ ਹੋ ਗਿਆ ਹੈ। ਕੀ ਉਹ ਸਾਨੂੰ ਦੱਸਣਗੇ ਕਿ ਉਨ੍ਹਾਂ ਨੇ ਪੰਜਾਬ ਕਾਂਗਰਸ ਪ੍ਰਧਾਨ ਨੂੰ ਕਿੰਨਾ ਦਿੱਤਾ ਸੀ ਜੋ ਉਸ ਸਮੇਂ ਮੁੱਖ ਮੰਤਰੀ ਦੇ ਬਰਾਬਰ ਸਨ? ਜੇਕਰ ਅਸੀਂ ਉਨ੍ਹਾਂ ਦੇ ਪਿਛਲੇ ਪ੍ਰਦਰਸ਼ਨ ’ਤੇ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੈ ਕਿ ਉਹ ਵਿਰੋਧੀ ਧਿਰ ਵਲੋਂ ਤਿਆਰ ਕੀਤੀ ਗਈ ਸਕ੍ਰਿਪਟ ਅਨੁਸਾਰ ਹੀ ਬੋਲਦੇ ਸਨ, ਜਿਸ ਨਾਲ ਕਾਂਗਰਸ ਨੂੰ ਭਾਰੀ ਨੁਕਸਾਨ ਹੋਇਆ। ਹੁਣ ਉਹ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰ ਰਹੇ ਹਨ।’ ਨਵਜੋਤ ਕੌਰ ਦੇ ਇਸ ਬਿਆਨ ਦੀ ‘ਆਪ’ ਤੇ ਭਾਜਪਾ ਨੇ ਨਿੰਦਾ ਕੀਤੀ ਹੈ।

# ਪੰਜਾਬੀ ਭਾਸ਼ਾ ਦੀ ਅਣਦੇਖੀ ’ਤੇ ਇਤਰਾਜ਼ ਜਤਾਇਆ, ਡਾਇਰੈਕਟਰ ਦੀ ਚਿੱਠੀ ਦਾ ਨਿਗਮ ਅਧਿਕਾਰੀਆਂ ’ਤੇ ਨਹੀਂ ਹੋ ਰਿਹਾ ਅਸਰ

**ਲੁਧਿਆਣਾ।** ਇਥੋਂ ਦੇ ਭਾਰਤ ਨਗਰ ਚੌਕ ਦੇ ਸੁੰਦਰੀਕਰਨ ਦੇ ਨਾਂ ’ਤੇ ਲਗਾਏ ਗਏ ਡਿਸਪਲੇਅ ਬੋਰਡਾਂ ’ਤੇ ਪੰਜਾਬੀ ਭਾਸ਼ਾ ਦੀ ਕੀਤੀ ਗਈ ਅਣਦੇਖੀ ’ਤੇ ਹੁਣ ਭਾਸ਼ਾ ਵਿਭਾਗ ਨੇ ਇਤਰਾਜ਼ ਜਤਾਇਆ ਹੈ। ਵਿਭਾਗ ਦੇ ਡਾਇਰੈਕਟਰ ਨੇ ਨਿਗਮ ਦੇ ਸਕੱਤਰ ਤੇ ਕਮਿਸ਼ਨਰ ਨੂੰ ਇਸ ਬਾਰੇ ਚਿੱਠੀ ਲਿੱਖ ਕੇ ਕਿਹਾ ਹੈ ਕਿ ਚੌਕ ਵਿੱਚ ਪੰਜਾਬੀ ਭਾਸ਼ਾ ਦੀ ਅਣਦੇਖੀ ਕੀਤੀ ਗਈ ਹੈ, ਜਿਸਨੂੰ ਸਹੀ ਕਰਵਾਇਆ ਜਾਏ। ਚਿੱਠੀ ਲਿੱਖਣ ਦੇ ਬਾਵਜੂਦ ਨਿਗਮ ਅਧਿਕਾਰੀਆਂ ’ਤੇ ਇਸਦਾ ਕੋਈ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ। ਚਿੱਠੀ ਵਿੱਚ ਕਿਹਾ ਗਿਆ ਹੈ ਕਿ ਡਿਸਪਲੇਅ ਕੀਤੇ ਗਏ ਬੋਰਡਾਂ ਵਿੱਚ ਪੰਜਾਬ ਰਾਜ ਭਾਸ਼ਾ ਐਕਟ 1967 ਤੇ ਪੰਜਾਬ ਰਾਜ ਭਾਸ਼ਾ ਐਕਟ 2008 ਦੀ ਉਲੰਘਣਾ ਕੀਤੀ ਗਈ ਹੈ। ਪੰਜਾਬ ਸਰਕਾਰ ਨੇ 5 ਦਸੰਬਰ



2022 ਨੂੰ ਹੁਕਮ ਜਾਰੀ ਕੀਤੇ ਸਨ ਕਿ ਸਾਰੇ ਸਰਕਾਰੀ ਵਿਭਾਗਾਂ, ਦਫਤਰਾਂ, ਸੜਕਾਂ, ਮੀਲ ਪੱਥਰਾਂ ਅਤੇ ਹੋਰਨਾਂ ਮੁੱਖ ਬੋਰਡਾਂ ’ਤੇ ਪੰਜਾਬੀ ਭਾਸ਼ਾ ਨੂੰ ਪਹਿਲੇ ਨੰਬਰ ’ਤੇ ਲਿੱਖਣਾ ਜ਼ਰੂਰੀ ਹੈ। ਪਰ ਇਸਦੇ ਬਾਵਜੂਦ ਭਾਰਤ ਨਗਰ ਚੌਕ ਵਿੱਚ ਪੰਜਾਬੀ ਭਾਸ਼ਾ ਵਿੱਚ ਬੋਰਡ ਹੀ ਨਹੀਂ ਲਗਾਇਆ ਗਿਆ। ਪਬਲਿਕ ਐਕਸ਼ਨ ਕਮੇਟੀ ਨੇ ਇਹ ਮੁੱਦਾ ਚੁੱਕਿਆ ਸੀ। ਸਮਾਜ ਸੇਵੀ ਸੰਸਥਾਵਾਂ ਦੇ ਨਾਲ ਕਮੇਟੀ ਨੇ ਪ੍ਰਦਰਸ਼ਨ ਵੀ ਕੀਤਾ ਸੀ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਤੇ ਐੱਨ ਐੱਚ ਏ ਆਈ ਨੂੰ ਚਿੱਠੀ ਵੀ ਲਿਖੀ ਸੀ ਪਰ ਕੋਈ ਸੁਣਵਾਈ ਨਹੀਂ ਹੋਈ। ਭਾਰਤ ਨਗਰ ਚੌਕ ਨੂੰ ਸਾਈਕਲ ਸਨਅਤਕਾਰ ਵੱਲੋਂ ਸੁੰਦਰੀਕਰਨ ਕਰਨ ਲਈ ਲਿਆ ਗਿਆ ਹੈ ਪਰ ਪੰਜਾਬੀ ਭਾਸ਼ਾ ਨੂੰ ਕਿਤੇ ਵੀ ਥਾਂ ਨਹੀਂ ਦਿੱਤੀ ਗਈ।

## ਸਟੇਜ ਤੇ ਭਾਸ਼ਣ ਦੇ ਰਹੇ ਆਪ ਵਿਧਾਇਕ ਤੇ ਨੌਜਵਾਨ ਨੇ ਜੁੱਤੀ ਸੁੱਟੀ

**ਅਹਿਮਦਾਬਾਦ।** ਗੁਜਰਾਤ ਵਿਚ ਹੋ ਰਹੀ ਇਕ ਰੈਲੀ ਦੌਰਾਨ ਅਜਿਹੀ ਘਟਨਾ ਵਾਪਰੀ, ਜਿਸ ਦੀ ਹੁਣ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਜਾ ਰਹੀ ਹੈ। ਅੱਜ ਆਮ ਆਦਮੀ ਪਾਰਟੀ ਦੀ ਰੈਲੀ ਦੌਰਾਨ ਉਸ ਸਮੇਂ ਹੰਗਾਮਾ ਹੋ ਗਿਆ, ਜਦੋਂ ਰੈਲੀ ਵਿਚ ਬੈਠੇ ਦਰਸ਼ਕਾਂ ਵਿੱਚੋਂ ਇੱਕ ਮੈਂਬਰ ਨੇ ਅਚਾਨਕ ਆਪ ਵਿਧਾਇਕ ਗੋਪਾਲ ਇਟਾਲੀਆ ਤੇ ਜੁੱਤੀ ਸੁੱਟ ਦਿੱਤੀ। ਵਿਧਾਇਕ ਨਾਲ ਜਿਸ ਸਮੇਂ ਇਹ ਘਟਨਾ ਵਾਪਰੀ, ਉਸ ਸਟੇਜ ਤੇ ਖੜ੍ਹਾ ਹੋ ਕੇ ਲੋਕਾਂ ਨੂੰ ਸੰਬੋਧਨ ਕਰ ਰਿਹਾ ਸੀ। ਪ੍ਰਾਪਤ ਜਾਣਕਾਰੀ ਮੁਤਾਬਕ ਦੋਸ਼ੀ ਵਿਧਾਇਕ ਦੀ ਸਟੇਜ ਦੇ ਬਿਲਕੁਲ ਹੇਠਾਂ ਬੈਠਾ ਹੋਇਆ ਸੀ। ਜਿਵੇਂ ਹੀ ਵਿਧਾਇਕ ਇਟਾਲੀਆ ਨੇ ਸਟੇਜ ਤੇ ਆ ਕੇ ਲੋਕਾਂ ਨੂੰ ਸੰਬੋਧਨ ਕਰਨਾ ਸ਼ੁਰੂ ਕੀਤਾ, ਵਿਅਕਤੀ ਨੇ ਵਿਧਾਇਕ ਤੇ ਜੁੱਤੀ ਸੁੱਟ ਦਿੱਤੀ। ਜਿਵੇਂ ਹੀ ਜੁੱਤੀ ਸੁੱਟੀ ਗਈ, ਇੱਕ ਔਰਤ ਸਟੇਜ ਤੋਂ



ਛਾਲ ਮਾਰ ਕੇ ਹੇਠਾਂ ਉਤਰ ਗਈ। ਘਟਨਾ ਤੋਂ ਤੁਰੰਤ ਬਾਅਦ ਹੋਰ ਕਾਰਕੁਨਾਂ ਦੀ ਮਦਦ ਨਾਲ ਉਸ ਨੇ ਜੁੱਤੀ ਸੁੱਟਣ ਵਾਲੇ ਵਿਅਕਤੀ ਨੂੰ ਫੜ ਲਿਆ ਅਤੇ ਉਸ ਦੀ ਬੁਰੀ ਤਰੀਕੇ ਨਾਲ ਕੁੱਟਮਾਰ ਕੀਤੀ। ਅਜਿਹੀ ਹਰਕਤ ਕਰਨ ਵਾਲੇ ਦੋਸ਼ੀ ਦਾ ਨਾਮ ਛਤਰਪਾਲ ਸਿੰਘ ਜਡੇਜਾ ਹੈ ਅਤੇ ਉਹ ਇੱਕ ਕਾਂਗਰਸੀ ਵਰਕਰ ਦੱਸਿਆ ਜਾ ਰਿਹਾ ਹੈ। ਇਸ ਘਟਨਾ ਦੌਰਾਨ ਕੁਝ ਕੁਰਸੀਆਂ ਟੁੱਟ ਗਈਆਂ।

## ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵਲੋਂ ਰੱਦ ਹੋਈਆਂ ਹਵਾਈ ਉਡਾਣਾਂ ਦੇ ਪੈਸੇ 7 ਦਸੰਬਰ ਤੱਕ

**ਨਵੀਂ ਦਿੱਲੀ।** ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਇੰਡੀਗੋ ਨੂੰ ਰੱਦ ਕੀਤੀਆਂ ਉਡਾਣਾਂ ਦਾ ਐਤਵਾਰ 7 ਦਸੰਬਰ ਰਾਤ 8 ਵਜੇ ਤੱਕ ਯਾਤਰੀਆਂ ਨੂੰ ਪੈਸੇ ਵਾਪਸ ਕਰਨ ਦਾ ਹੁਕਮ ਦਿੱਤਾ ਹੈ। ਇਸ ਦਰਮਿਆਨ ਏਅਰਲਾਈਨ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਉਡਾਣ ਰੱਦ ਹੋਣ ਕਾਰਨ ਯਾਤਰੀਆਂ ਤੋਂ ਲਿਆ ਗਿਆ ਸਾਰਾ ਸਾਮਾਨ (ਬੈਗ) ਅਗਲੇ 48 ਘੰਟਿਆਂ ਦੇ ਅੰਦਰ ਉਨ੍ਹਾਂ ਨੂੰ ਮੁਹੱਈਆ ਕਰਵਾਇਆ ਜਾਵੇ। ਜਿਕਰਯੋਗ ਹੈ ਕਿ ਇੰਡੀਗੋ ਦੀਆਂ ਉਡਾਣਾਂ ਦੇ ਵੱਡੀ ਪੱਧਰ ਤੇ ਰੱਦ ਹੋਣ ਕਾਰਨ ਯਾਤਰੀਆਂ ਨੂੰ ਕਾਫੀ ਪ੍ਰੇਸ਼ਾਨੀ ਸਹਿਣੀ ਪੈ ਰਹੀ ਹੈ ਅਤੇ ਉਹ ਹਵਾਈ ਅੱਡਿਆਂ ਤੇ ਖੱਜਲ ਖੁਆਰ ਹੋ ਰਹੇ ਹਨ। ਇੰਡੀਗੋ ਵੱਲੋਂ 1,000 ਤੋਂ ਵੱਧ ਉਡਾਣਾਂ ਰੱਦ ਕਰਨ ਤੋਂ



ਬਾਅਦ ਮੰਤਰਾਲੇ ਨੇ ਕਿਹਾ ਕਿ ਰਿਫੰਡ ਪ੍ਰਕਿਰਿਆ ਵਿੱਚ ਕਿਸੇ ਵੀ ਦੇਰੀ ਜਾਂ ਪਾਲਣਾ ਨਾ ਕਰਨ ਤੇ ਤੁਰੰਤ ਰੈਗੂਲੇਟਰੀ ਕਾਰਵਾਈ ਕੀਤੀ ਜਾਵੇਗੀ। ਏਅਰਲਾਈਨਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਉਨ੍ਹਾਂ ਯਾਤਰੀਆਂ ਲਈ ਕੋਈ ਵੀ ਰਿਸ਼ਡਿਊਲਿੰਗ ਚਾਰਜ ਨਾ ਲਗਾਉਣ, ਜਿਨ੍ਹਾਂ ਦੀਆਂ ਹਵਾਈ ਟਿਕਟਾਂ ਰੱਦ ਕਰ ਦਿੱਤੀਆਂ ਗਈਆਂ ਸਨ। ਇੰਡੀਗੋ ਦੀਆਂ ਅੱਜ ਵੱਖ-ਵੱਖ ਹਵਾਈ ਅੱਡਿਆਂ ਤੋਂ 400 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਮੰਤਰਾਲੇ ਨੇ ਕਿਹਾ ਕਿ ਏਅਰਲਾਈਨ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਡਾਣ ਰੱਦ ਹੋਣ ਜਾਂ ਦੇਰੀ ਕਾਰਨ ਯਾਤਰੀਆਂ ਤੋਂ ਵੱਖ ਕੀਤੇ ਗਏ ਸਮਾਨ ਦਾ ਪਤਾ ਲਗਾਇਆ ਜਾਵੇ ਅਤੇ ਅਗਲੇ 48 ਘੰਟਿਆਂ ਦੇ ਅੰਦਰ ਇਹ ਸਾਮਾਨ ਯਾਤਰੀਆਂ ਕੋਲ ਪਹੁੰਚਾਇਆ ਜਾਵੇ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮੋਗਾ 'ਚ ਤਾਏ ਨੇ ਕੀਤਾ ਭਤੀਜੇ ਦਾ ਕਤਲ

**ਮੋਗਾ।** ਮੋਗਾ ਦੇ ਨਿਹਾਲ ਸਿੰਘ ਵਾਲਾ ਦੇ ਪਿੰਡ ਮਾਛੀਕੇ ਵਿੱਚ ਜ਼ਮੀਨੀ ਵਿਵਾਦ ਨੇ ਸ਼ਨੀਵਾਰ ਸਵੇਰੇ ਉਸ ਸਮੇਂ ਭਿਆਨਕ ਰੂਪ ਧਾਰਨ ਕਰ ਲਿਆ ਜਦੋਂ ਖੇਤਾਂ ਵਿੱਚ ਝਗੜੇ ਦੌਰਾਨ ਚਾਚੇ ਨੇ ਆਪਣੇ ਭਤੀਜੇ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ। ਰਿਪੋਰਟਾਂ ਅਨੁਸਾਰ, ਮਾਛੀਕੇ ਦੇ ਵਸਨੀਕ ਨਵਦੀਪ ਸਿੰਘ ਦਾ ਆਪਣੇ ਚਾਚੇ ਬਹਾਦਰ ਸਿੰਘ ਨਾਲ ਲੰਬੇ ਸਮੇਂ ਤੋਂ ਚੱਲ ਰਿਹਾ ਜ਼ਮੀਨੀ ਵਿਵਾਦ ਚੱਲ ਰਿਹਾ ਸੀ। ਸ਼ਨੀਵਾਰ ਸਵੇਰੇ ਦੋਵੇਂ ਖੇਤਾਂ ਵਿੱਚ ਪਹੁੰਚੇ, ਜਿੱਥੇ ਝਗੜਾ ਸਰੀਰਕ ਝਗੜੇ ਤੱਕ ਵਧ ਗਿਆ। ਗੁੱਸੇ ਵਿੱਚ ਆ ਕੇ ਬਹਾਦਰ ਸਿੰਘ ਨੇ ਆਪਣੀ ਰਿਵਾਲਵਰ ਨਾਲ ਨਵਦੀਪ ਸਿੰਘ 'ਤੇ ਦੋ ਗੋਲੀਆਂ ਚਲਾਈਆਂ, ਆਪਣੀ ਕਾਰ ਨਾਲ ਉਸ ਨੂੰ ਟੱਕਰ ਮਾਰ ਦਿੱਤੀ ਅਤੇ ਘਰ ਵਾਪਸ ਆ ਗਿਆ। ਨਵਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਰਿਪੋਰਟਾਂ ਅਨੁਸਾਰ, ਗੋਲੀਬਾਰੀ ਤੋਂ ਬਾਅਦ ਬਹਾਦਰ ਸਿੰਘ ਆਪਣੇ ਘਰ ਵਾਪਸ ਆ ਗਿਆ ਸੀ, ਪਰ ਪਿੰਡ ਵਾਸੀਆਂ ਨੇ ਉਸਨੂੰ ਫੜ ਲਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਡੀਐਸਪੀ ਨਿਹਾਲ ਸਿੰਘ ਵਾਲਾ ਅਨਵਰ ਅਲੀ ਸਮੇਤ ਪੁਲਿਸ ਟੀਮ ਮੌਕੇ 'ਤੇ ਪਹੁੰਚੀ



ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਹੈ। ਮਾਮਲੇ ਵਿੱਚ ਅਗਲੇਰੀ ਕਾਨੂੰਨੀ ਕਾਰਵਾਈ ਜਾਰੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫ਼ੀਫ਼ਾ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਿਤਾ ਸ਼ਾਂਤੀ ਪੁਰਸਕਾਰ

**ਵਾਸ਼ਿੰਗਟਨ** । 2026 ਦੇ ਫ਼ੁੱਟਬਾਲ ਵਿਸ਼ਵ ਕੱਪ ਲਈ ਪ੍ਰੋਗਰਾਮ ਦਾ ਐਲਾਨ ਕਰਦਿਆਂ ਫੀਫਾ ਨੇ ਨਵੇਂ ਸ਼ਾਂਤੀ ਪੁਰਸਕਾਰ ਦੀ ਸ਼ੁਰੂਆਤ ਵੀ ਕਰ ਦਿਤੀ। ਇਹ ਪੁਰਸਕਾਰ ਖੇਡਾਂ ਉਤੇ ਫੈਡਰੇਸ਼ਨ ਦੇ ਰਵਾਇਤੀ ਕੇਂਦਰਤ ਰਹਿਣ ਤੋਂ ਵਿਦਾਈ ਹੈ। ਦਿਲਚਸਪ ਗੱਲ ਇਹ ਹੈ ਕਿ ਨਵਾਂ ਪਹਿਲਾ ਪੁਰਸਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਦਿਤਾ। ਨੋਬਲ ਸ਼ਾਂਤੀ ਪੁਰਸਕਾਰ ਲਈ ਖੁੱਲ੍ਹ ਕੇ ਦਾਅਵਾ ਕਰਨ ਵਾਲੇ ਟਰੰਪ ਹੀ ਨਵੇਂ ਬਣਾਏ ਗਏ ਫੀਫਾ ਪੁਰਸਕਾਰ ਜਿੱਤਣ ਲਈ ਸਭ ਤੋਂ ਵੱਡੇ ਦਾਅਵੇਦਾਰ ਸਨ। ਉਹ ਅਤੇ ਫੀਫਾ ਮੁਖੀ ਜੀਆਨੀ ਇਨਫੈਂਟੀਨੋ ਨੇੜਲੇ ਸਹਿਯੋਗੀ ਹਨ, ਅਤੇ ਇਨਫੈਂਟੀਨੋ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਟਰੰਪ ਨੂੰ ਗਾਜ਼ਾ ਵਿਚ ਜੰਗਬੰਦੀ ਦੀ ਦਲਾਲੀ ਕਰਨ ਦੀਆਂ ਕੋਸ਼ਿਸ਼ਾਂ ਲਈ ਨੋਬਲ ਪੁਰਸਕਾਰ ਜਿੱਤਣਾ ਚਾਹੀਦਾ ਸੀ।



ਅਮਰੀਕੀ ਰਾਸ਼ਟਰਪਤੀ ਨੂੰ ਇਹ ਪੁਰਸਕਾਰ ਦਿਤਾ ਗਿਆ ਜਿਸ ਬਾਰੇ ਇਨਫੈਂਟੀਨੋ ਨੇ ਕਿਹਾ, ''ਇਹ ਤੁਹਾਡੇ ਲਈ ਇਕ ਸੁੰਦਰ ਤਮਗਾ ਹੈ ਜੋ ਤੁਸੀਂ ਜਿੱਥੇ ਵੀ ਜਾਣਾ ਚਾਹੁੰਦੇ ਹੋ ਪਹਿਨ ਸਕਦੇ ਹੋ।'' ਟਰੰਪ ਨੇ ਤੁਰਤ ਮੈਡਲ ਅਪਣੇ ਗਲੇ 'ਚ ਪਾ ਲਿਆ। ਇਨਫੈਂਟੀਨੋ ਨੇ ਟਰੰਪ ਨੂੰ ਜੋ ਸਰਟੀਫਿਕੇਟ ਦਿਤਾ ਸੀ, ਉਹ ਅਮਰੀਕੀ ਰਾਸ਼ਟਰਪਤੀ ਨੂੰ 'ਦੁਨੀਆਂ ਭਰ ਵਿਚ ਸ਼ਾਂਤੀ ਅਤੇ ਏਕਤਾ ਨੂੰ ਉਤਸ਼ਾਹਤ ਕਰਨ ਲਈ' ਉਨ੍ਹਾਂ ਦੇ ਕੰਮਾਂ ਲਈ ਮਾਨਤਾ ਦਿੰਦਾ ਹੈ।

ਇਨਫੈਂਟੀਨੋ ਨੇ ਟਰੰਪ ਬਾਰੇ ਕਿਹਾ, ''ਇਹ ਉਹ ਹੈ ਜੋ ਅਸੀਂ ਇਕ ਨੇਤਾ ਤੋਂ ਚਾਹੁੰਦੇ ਹਾਂ - ਇਕ ਨੇਤਾ ਜੋ ਲੋਕਾਂ ਦੀ ਪਰਵਾਹ ਕਰਦਾ ਹੈ।'' ਪੁਰਸਕਾਰ ਉਤੇ ਟਰੰਪ ਦੇ ਨਾਮ ਨਾਲ ਇਕ ਸੋਨੇ ਦੀ ਟਰਾਫੀ ਵੀ ਭੇਟ ਕੀਤੀ ਗਈ। ਫੀਫਾ ਨੇਤਾ ਨੇ ਟਰੰਪ ਨੂੰ ਕਿਹਾ, ''ਇਹ ਤੁਹਾਡਾ ਇਨਾਮ ਹੈ, ਇਹ ਤੁਹਾਡਾ ਸ਼ਾਂਤੀ ਪੁਰਸਕਾਰ ਹੈ।''

ਟਰੰਪ ਨੇ ਅਪਣੀ ਪਤਨੀ ਮੇਲਾਨੀਆ ਟਰੰਪ ਸਮੇਤ ਅਪਣੇ ਪਰਵਾਰ ਦਾ ਧੰਨਵਾਦ ਕੀਤਾ ਅਤੇ ਹੋਰ ਦੋ ਮੇਜ਼ਬਾਨ ਦੇਸ਼ਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੇਨਬੌਮ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਦੇਸ਼ਾਂ ਨਾਲ ਤਾਲਮੇਲ ਸ਼ਾਨਦਾਰ ਰਿਹਾ ਹੈ। ਟਰੰਪ ਨੇ ਕਿਹਾ, ''ਇਹ ਸੱਚਮੁੱਚ ਮੇਰੀ ਜ਼ਿੰਦਗੀ ਦਾ ਇਕ ਵੱਡਾ ਸਨਮਾਨ ਹੈ।''

ਇਨਫੈਂਟੀਨੋ ਨੇ ਅਕਸਰ ਫੁਟਬਾਲ ਬਾਰੇ ਦੁਨੀਆਂ ਲਈ ਇਕ ਇਕਜੁੱਟਤਾ ਵਜੋਂ ਗੱਲ ਕੀਤੀ ਹੈ, ਪਰ ਇਹ ਪੁਰਸਕਾਰ ਖੇਡਾਂ ਉਤੇ ਫੈਡਰੇਸ਼ਨ ਦੇ ਰਵਾਇਤੀ ਕੇਂਦਰਤ ਧਿਆਨ ਤੋਂ ਵਿਦਾਈ ਹੈ।

## ਬਾਪ ਵੱਲੋਂ ਧੀ ਨੂੰ ਨਹਿਰ 'ਚ ਧੱਕਾ ਦੇਣ ਦੇ ਮਾਮਲੇ 'ਚ ਨਵਾਂ ਮੋੜ

**ਫਿਰੋਜ਼ਪੁਰ।** ਕਰੀਬ ਸਵਾ ਦੋ ਮਹੀਨੇ ਪਹਿਲਾਂ ਬਾਪ ਵੱਲੋਂ ਧੀ ਨੂੰ ਨਹਿਰ ਚ ਧੱਕਾ ਦੇ ਕੇ ਮਾਰ ਦੇਣ ਤੋਂ ਬਾਅਦ ਅੱਜ ਧੀ ਆਪਣੇ ਆਪ ਨੂੰ ਜਿਉਂਦੀ ਦੱਸ ਰਹੀ ਹੈ। ਸੋਸ਼ਲ ਮੀਡੀਆ ਤੇ ਚੱਲ ਰਹੀ ਇੱਕ ਇਟਰਵਿਓ ਚ ਕਥਿਤ ਮ੍ਰਿਤਕ ਲੜਕੀ ਨੇ ਜਿਉਂਦੇ ਹੋਣ ਦਾ ਦਾਅਵਾ ਕੀਤਾ ਹੈ। ਦੱਸ ਦਈਏ ਕਿ ਕਰੀਬ ਸਵਾ ਦੋ ਮਹੀਨੇ ਪਹਿਲਾਂ ਇਕ ਬਾਪ ਵੱਲੋਂ ਆਪਣੀ ਧੀ ਪ੍ਰੀਤ ਦੇ ਚਾਲ ਚੱਲਣ 'ਤੇ ਸ਼ੱਕ ਕਰਦਿਆਂ ਨਹਿਰ ਵਿਚ ਧੱਕਾ ਦੇ ਦਿੱਤਾ ਸੀ। ਜਿਸ ਦੀ ਉਸ ਨੇ ਇਕ ਵੀਡਿਓ ਵੀ ਬਣਾਈ ਸੀ। ਫ਼ਿਰੋਜ਼ਪੁਰ ਪੁਲਿਸ ਵੱਲੋਂ ਮਾਮਲਾ ਦਰਜ ਕਰ ਕੇ ਲੜਕੀ ਦੇ ਬਾਪ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਸੀ। ਅੱਜ ਸ਼ੋਸ਼ਲ ਮੀਡੀਆ 'ਤੇ ਇੰਟਰਵੀਊ ਦਿੰਦਿਆਂ ਇਹ ਪ੍ਰੀਤ ਨਾਂਅ ਦੀ ਲੜਕੀ ਨੇ ਦੱਸਿਆ ਕਿ ਜਦ ਉਸਦੇ ਬਾਪ ਨੇ ਨਹਿਰ ਵਿਚ ਧੱਕਾ ਦਿੱਤਾ ਤਾਂ ਉਹ ਨਹਿਰ 'ਚ ਰੁੜਨ ਲੱਗੀ ਅਤੇ ਕਿਸਮਤ ਨਾਲ ਉਸ ਦਾ ਹੱਥ ਨਹਿਰ ਚ ਲੱਗੇ ਇਕ ਸਰੀਏ ਨੂੰ ਪੈ ਗਿਆ ਅਤੇ ਉਹ ਨਹਿਰ ਵਿਚੋਂ ਬਾਹਰ ਆ ਗਈ। ਲੜਕੀ ਪ੍ਰੀਤ ਨੇ ਦੱਸਿਆ ਕਿ ਉਸ ਨੂੰ ਨਹਿਰ 'ਚ ਧੱਕਾ



ਦੇਣ ਲਈ ਉਸ ਦੀ ਮਾਂ ਵੀ ਜ਼ਿੰਮੇਵਾਰ ਹੈ। ਪਰ ਹੁਣ ਉਹ ਆਪਣੇ ਜੇਲ੍ਹ 'ਚ ਬੈਠੇ ਪਿਉ ਨੂੰ ਬਚਾਉਣਾ ਚਾਹੁੰਦੀ ਹੈ। ਉਧਰ ਪੁਲਿਸ ਵੱਲੋਂ ਲੜਕੀ ਦੇ ਜਿਉਂਦੇ ਹੋਣ ਦੀ ਖ਼ਬਰ ਤੋਂ ਬਾਅਦ ਲੜਕੀ ਦੀ ਭਾਲ ਕਰ ਰਹੀ ਹੈ। ਉਥੇ ਹੀ ਹੁਣ ਲੜਕੀ ਦੀ ਮਾਂ ਵੀ ਸਾਹਮਣੇ ਆਈ ਹੈ। ਜਿਸ ਨੇ ਕਿਹਾ ਕਿ ਉਨ੍ਹਾਂ ਨੂੰ ਵੀ ਖ਼ਬਰਾਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦੀ ਲੜਕੀ ਜਿਉਂਦੀ ਹੈ। ਜਦੋਂ ਉਸ ਨੂੰ ਨਹਿਰ ਵਿੱਚ ਸੁਟਿਆ ਸੀ। ਉਦੋਂ ਉਸ ਨੂੰ ਬਿਲਕੁੱਲ ਵੀ ਪਤਾ ਨਹੀਂ ਸੀ ਕਿ ਉਸ ਦੇ ਪਿਤਾ ਨੇ ਉਸ ਨਾਲ ਐਦਾਂ ਕਰਨਾ ਹੈ। ਉਸ ਨੇ ਕਿਹਾ ਬੜੇ ਲਾਡਾਂ ਨਾਲ ਉਨ੍ਹਾਂ ਨੇ ਧੀ ਨੂੰ ਰੱਖਿਆ ਸੀ। ਅਗਰ ਉਹ ਮਾਫੀ ਮੰਗ ਲੈਂਦੀ ਤਾਂ ਸ਼ਾਇਦ ਉਹ ਛੱਡ ਦਿੰਦਾ।

SHAM LAL CHANDER
ID no. 921760
BUILDING MAINTENANCE HANDYMAN
(CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਸਲਾਨਾ ਸਮਾਗਮ ਧੂਮਧਾਮ ਨਾਲ ਸੰਪੰਨ

## ਅੱਖਰਾਂ ਦਾ ਗਿਆਨ ਵੰਡਣਾ ਬਹੁਤ ਵੱਡਾ ਪੁੰਨ – ਜਥੇਦਾਰ ਧਾਮੀ

**ਕਪੂਰਥਲਾ, ( ਕੌੜਾ )–** ਰੇਲ ਕੋਚ ਫੈਕਟਰੀ ਸਾਹ-ਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ 20ਵਾਂ ਸਲਾਨਾ ਇਨਾਮ ਵੰਡ ਅਤੇ ਸੱਭਿਆਚਾਰਕ ਸਮਾਗਮ ਬੜੀ ਧੂਮਧਾਮ ਨਾਲ ਆਯੋਜਿਤ ਕੀਤਾ ਗਿਆ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਹਰਜਿੰਦਰ ਸਿੰਘ ਧਾਮੀ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ । ਸਮਾਗਮ ਦੀ ਪ੍ਰਧਾਨਗੀ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵੱਲੋਂ ਕੀਤੀ ਗਈ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਡਿੰਪਲ ਸ਼ਰਮਾ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ । ਜਥੇਦਾਰ ਧਾਮੀ ਅਤੇ ਪਹੁੰਚੇ ਮਹਿਮਾਨਾਂ ਸ਼ਮਾ ਰੌਸ਼ਨ ਕਰਦਿਆਂ ਸਮਾਗਮ ਦਾ ਰਸਮੀ ਆਗਾਜ਼ ਕੀਤਾ । ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ " ਮੈਂ ਪੰਜਾਬ ਬੋਲਦਾ ਹਾਂ " ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ ਨਾਲ ਕੀਤਾ ਗਿਆ । ਵਿਦਿਅਕ ਸੰਸਥਾਵਾਂ ਦੇ ਬਾਣੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸਵ. ਆਤਮਾ ਸਿੰਘ ਦਾ ਜ਼ਿਕਰ ਕਰਦਿਆਂ ਬੀਬੀ ਗੁਰਪ੍ਰੀਤ ਕੌਰ ਨੇ ਸਮਾਗਮ 'ਚ ਬਤੌਰ ਮੁੱਖ ਮਹਿਮਾਨ ਵੱਜੋਂ ਪਹੁੰਚੇ ਜਥੇਦਾਰ ਹਰਜਿੰਦਰ ਸਿੰਘ ਧਾਮੀ ਅਤੇ ਵਿਦਿਆਰਥੀਆਂ ਦੇ ਮਾਪਿਆਂ





ਦਾ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ । ਪ੍ਰਿੰਸੀਪਲ ਡਿੰਪਲ ਸ਼ਰਮਾ ਨੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕਰਦਿਆਂ ਵਿਦਿਆਰਥੀਆਂ ਵੱਲੋਂ ਅਕਾਦਮਿਕ, ਸਪੋਰਟਸ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਮਾਰੀਆਂ ਮੱਲਾਂ ਸਬੰਧੀ ਚਾਨਣਾ ਪਾਇਆ । ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਹਰਜਿੰਦਰ ਸਿੰਘ ਧਾਮੀ ਨੇ ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਸੱਭਿਆਚਾਰਕ ਪ੍ਰੋਗਰਾਮ ਦੀ ਪ੍ਰਸੰਸਾ ਕੀਤੀ । ਸਟਾਫ਼ ਮੈਂਬਰਾਂ ਦੇ ਰੂਬਰੂ ਹੁੰਦਿਆਂ ਉਨ੍ਹਾਂ ਕਿਹਾ ਕਿ ਸਮਾਜ ਦੀ ਤਰੱਕੀ ਲਈ ਅੱਖਰਾਂ ਦਾ ਗਿਆਨ ਵੰਡਣਾ ਬਹੁਤ ਜਰੂਰੀ ਹੈ, ਜੋ ਇੱਕ ਵੱਡਾ ਪੁੰਨ ਵੀ ਹੈ । ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕੰਪਿਊਟਰ ਯੁੱਗ ਵਿੱਚ ਜਰੂਰ ਪ੍ਰਵੇਸ਼ ਕਰਨਾ ਚਾਹੀਦਾ ਹੈ, ਪਰ ਇਸ ਤੋਂ ਸੁਚੇਤ ਰਹਿਣਾ ਵੀ ਬਹੁਤ ਜਰੂਰੀ ਹੈ । ਇਸ ਦੌਰਾਨ ਅਕਾਦਮਿਕ, ਸਪੋਰਟਸ, ਧਾਰਮਿਕ ਅਤੇ ਸੱਭਿਆਚਾਰਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਇੰਜੀਨੀਅਰ ਮਨਪ੍ਰੀਤ ਸਿੰਘ ਥਿੰਦ, ਸਵਰਨ ਚੰਦ ਗੁਰਾਇਆ, ਨੰਦ ਸਿੰਘ ਬਿਧੀਪੁਰ, ਰਣਜੀਤ ਸਿੰਘ ਬਿਧੀਪੁਰ, ਸਤਨਾਮ ਸਿੰਘ ਬਾਜਵਾ, ਅਵਤਾਰ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਬੇਰ ਸਾਹਿਬ, ਗੁਰਦਿਆਲ ਸਿੰਘ ਨਾਨਕਪੁਰ, ਬੀਬੀ ਬਲਬੀਰ ਕੌਰ ਨਾਨਕਪੁਰ, ਕਮਲਜੀਤ ਸਿੰਘ ਹੈਬਤਪੁਰ, ਗੁਰਦਿਆਲ ਸਿੰਘ ਬੂਹ, ਬੀਬੀ ਪ੍ਰਕਾਸ਼ ਕੌਰ ਜਿਲਾ ਪਰਿਸ਼ਦ, ਬੀਬੀ ਬਲਜੀਤ ਕੌਰ ਕਮਾਲਪੁਰ, ਬੀਬੀ ਗੁਰਮੀਤ ਕੌਰ ਦਰੀਏਵਾਲ, ਭਗਵਾਨ ਸਿੰਘ ਮੈਰੀਪੁਰ, ਹਰਜੀਤ ਸਿੰਘ ਕਥਾਵਾਚਕ, ਭਾਈ ਸਤਨਾਮ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਬੇਰ ਸਾਹਿਬ, ਜਸਪਾਲ ਸਿੰਘ ਸੇਖੋ, ਬੀਬੀ ਮਹਿੰਦਰ ਕੌਰ ਸਾਬੂਵਾਲ, ਚੰਚਲ ਸਿੰਘ, ਗੁਰਪ੍ਰੀਤ ਸਿੰਘ, ਪਰਗਟ ਸਿੰਘ ਸ਼ਾਲਾਪੁਰ ਬੇਟ, ਭਾਈ ਦਿਆਲ ਸਿੰਘ ਮੁੱਲਾਕਾਲਾ, ਅਰਸ਼ਦੀਪ ਸਿੰਘ ਕਿਸ਼ਨ ਸਿੰਘ ਵਾਲਾ, ਰੂਪ ਸਿੰਘ, ਸੁਖਦੇਵ ਸਿੰਘ ਸਤਾਬਗੜ੍ਹ, ਸੁਖਵਿੰਦਰ ਸਿੰਘ, ਬਲਦੇਵ ਸਿੰਘ, ਗੁਰਨੇਜ ਸਿੰਘ, ਗੁਰ-ਦੇਵ ਸਿੰਘ, ਗੁਰਮੀਤ ਸਿੰਘ ( ਸਾਰੇ ਫੱਤੂ ਢੀਂਗਾ, ਜਗੀਰ ਸਿੰਘ ਮਿਆਣੀ, ਜਸਬੀਰ ਕੌਰ ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ, ਰੇਨੂ ਅਰੋੜਾ ਪ੍ਰਿੰਸੀਪਲ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨਿਧੀ ਸੰਗੋਤਰਾ ਪ੍ਰਿੰਸੀਪਲ ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਇਲਾਵਾ ਐਕਟੀਵਿਟੀ ਇੰਚਾਰਜ ਪ੍ਰਦੀਪ ਕੌਰ, ਦਲਜੀਤ ਕੌਰ, ਕੇ ਜੀ ਵਿੰਗ ਇੰਚਾਰਜ ਹਰਪ੍ਰੀਤ ਕੌਰ, ਮਨਪ੍ਰੀਤ ਕੌਰ, ਹਰਪਿੰਦਰ ਕੌਰ, ਗੁਰਪ੍ਰੀਤ ਕੌਰ, ਜਸਵਿੰਦਰ ਸਿੰਘ, ਸ਼ਿੰਦਰਪਾਲ ਕੌਰ, ਹਰਜਿੰਦਰ ਸਿੰਘ, ਮਨਜਿੰਦਰ ਸਿੰਘ, ਰੇਨੂੰ ਬਾਲਾ, ਸੁਮਨਦੀਪ ਕੌਰ, ਮੈਡਮ ਰਾਜ, ਮੈਡਮ ਲਵਿਤਾ, ਕੁਲਵਿੰਦਰ ਕੌਰ ਆਦਿ ਸਟਾਫ਼ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਹਾਜਰ ਸਨ ।

# ਬਲੱਡ ਡੋਨਰਜ਼ ਕਲੱਬ ਵੱਲੋਂ ਬਲਿਦਾਨ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਗਿਆ

**ਮਹਿਤਪੁਰ(ਹਰਜਿੰਦਰ ਸਿੰਘ ਚੰਦੀ)**-ਬਲੱਡ ਡੋਨਰਜ਼ ਕਲੱਬ ਮਹਿਤਪੁਰ ਵੱਲੋਂ ਮਹਿਤਪੁਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ ਲਗਾਇਆ ਗਿਆ। ਕੈਂਪ ਦੌਰਾਨ 70 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ ਅਤੇ ਲਗਭਗ 50 ਲੋਕਾਂ ਦਾ ਗਰੁੱਪ ਅਤੇ ਐਚ ਬੀ ਟੈਸਟ ਫ੍ਰੀ ਕੀਤਾ ਗਿਆ। ਸਾਰੇ ਖ਼ੂਨਦਾਨੀਆਂ ਨੂੰ ਮਮੈਂਟੋ ਅਤੇ ਬੂਟਿਆਂ ਨਾਲ ਸਨਮਾਨਿਤ ਕੀਤਾ ਗਿਆ। ਕੈਂਪ ਦਾ ਉਦਘਾਟਨ ਸਤਪਾਲ ਸਿੰਘ ਸਰਪੰਚ ਗੋਂਸੂਵਾਲ ਨੇ ਕੀਤਾ।ਵਰਨਣ ਯੋਗ ਹੈ ਕਿ ਬਲੱਡ ਡੋਨਰਜ਼ ਕਲੱਬ ਮਹਿਤਪੁਰ ਖ਼ੂਨਦਾਨ ਦੇ ਖੇਤਰ ਵਿਚ ਆਪਣਾ 40 ਸਾਲਾਂ ਦਾ ਸਫਰ ਪੂਰਾ ਕਰ ਰਿਹਾ ਹੈ। ਇਸ ਕਲੱਬ ਵੱਲੋਂ ਪੰਜਾਬ ਦੇ ਲਗਭਗ ਹਰ ਜਿਲੇ ਅਤੇ ਭਾਰਤ ਦੇ ਕਈ ਸਟੇਟਾਂ ਵਿੱਚ ਖ਼ੂਨਦਾਨ ਕੈਂਪ ਲਗਾਏ ਹਨ। ਅੰਤਰਰਾਸ਼ਟਰੀ ਤੌਰ ਤੇ ਨੇਪਾਲ ਵਿਚ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ ਸੀ। ਕਲੱਬ ਵੱਲੋਂ ਇਸ ਸਾਲ ਵੱਖ -ਵੱਖ ਸਕੂਲਾਂ ਦੇ ਬੱਚਿਆਂ ਨੂੰ ਕਾਪੀਆਂ ਕਿਤਾਬਾਂ ਅਤੇ ਬੂਟ ਵੀ ਵੰਡੇ ਗਏ ਹਨ। ਕੈਂਪ ਨੂੰ ਸਫਲ ਬਣਾਉਣ ਵਿਚ ਗੁਰਨਾਮ ਸਿੰਘ ਮਹਿਸਮਪੁਰੀ, ਬੀ ਐਸ ਮਠਾੜੂ , ਸੁਰਿੰਦਰ ਪਾਲ ਸਿੰਘ ਨਕੋਦਰ, ਮਹਿੰਦਰ ਪਾਲ ਸਿੰਘ ਟੁਰਨਾ, ਗੁਰਮੀਤ ਚੰਦ



ਐਮ ਸੀ,ਮਨਮੋਹਨ ਸਿੰਘ ਜਲੰਧਰ, ਅਮਾਨਤ ਸੇਵਾ ਫਾਉਂਡੇਸ਼ਨ, ਪਰਮਜੀਤ ਸਿੰਘ ਭੋਡੀਪੁਰ,ਹਰਜਿੰਦਰ ਸਿੰਘ ਸਰਪੰਚ, ਬੱਲੀ ਪ੍ਰਿੰਟਿੰਗ ਪ੍ਰੈਸ, ਖਾਲਸਾ ਮੋਬਾਈਲ, ਮਹਿਤਾ ਸੈਨੇਟਰੀ ਸਟੋਰ, ਮਰੋਕ ਬੂਟ ਹਾਊਸ, ਜਨਕ ਰਾਜ ਸਰੋਆ, ਅਨੇਜਾ ਰੈਸਟੂਰੈਂਟ ਹਾਊਸ, ਦੇ ਕੇ ਰੈਸਟੋਰੈਂਟ, ਸ਼ਾਹ ਕੇਬਲ, ਵਿਜੇ ਕੁਮਾਰ ਮਡਾਸ , ਸੁਰਿੰਦਰ ਪਾਲ ਚੁੰਬਰ ਨੇ ਵਿਸ਼ੇਸ਼ ਤੌਰ ਤੇ ਸਹਿਯੋਗ ਦਿੱਤਾ।

# ਕਿੰਗਜ਼ ਅਸਟੇਟ ਨੇ ਬਸੰਤ ਸਿਟੀ ਵਿੱਚ ਆਪਣੇ ਨਵੇਂ ਦਫ਼ਤਰ ਦਾ ਉਦਘਾਟਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬਸੰਤ ਸਿਟੀ ਚੌਕ, ਸੂਆ ਰੋਡ 'ਤੇ ਸਥਿਤ ਕਿੰਗਜ਼ ਅਸਟੇਟ ਦਾ ਉਦਘਾਟਨ ਅੱਜ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾ ਕੇ ਕੀਤਾ ਗਿਆ । ਕੰਪਨੀ ਦੇ ਮੁਖੀ ਪ੍ਰਿੰਸ ਵਾਲੀਆ ਅਤੇ ਅਮਨ ਚਾਵਲਾ ਨੇ ਦੱਸਿਆ ਕਿ ਸਾਬਕਾ ਵਿਧਾਇਕ ਭਾਰਤ ਭੂਸ਼ਣ ਆਸ਼ੂ ਅਤੇ ਵਿਧਾਇਕ ਕੁਲਵੰਤ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਜਾਇਦਾਦ ਨਾਲ ਸੰਬੰਧਿਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ, ਮੁੱਖ ਤੌਰ 'ਤੇ ਖੇਤੀਬਾੜੀ ਜਾਇਦਾਦਾਂ, ਫਲੈਟਾਂ, ਵਪਾਰਕ ਜਾਇਦਾਦਾਂ ਆਦਿ ਸਮੇਤ ਜਾਇਦਾਦਾਂ ਨੂੰ ਖਰੀਦਣਾ ਅਤੇ ਵੇਚਣਾ, ਨਿਰਪੱਖ ਸੌਦਿਆਂ ਤੇ ਡੀਲ



ਕੀਤੀ ਜਾਵੇਗੀ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਉਦੇਸ਼ ਆਪਣੇ ਗਾਹਕਾਂ ਨੂੰ ਸ਼ਾਨਦਾਰ ਸਹੂਲਤਾਂ ਅਤੇ ਸੇਵਾਵਾਂ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਜਾਇਦਾਦ ਕਰਜ਼ਿਆਂ ਲਈ ਕਈ ਬੈਂਕਾਂ ਨਾਲ ਸੰਬੰਧ ਹੈ, ਅਤੇ ਇਸ ਲਈ ਗਾਹਕਾਂ ਨੂੰ ਕਰਜ਼ੇ ਦੀਆਂ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਲੁਧਿਆਣਾ ਇੱਕ ਉਦਯੋਗਿਕ ਸ਼ਹਿਰ ਹੈ, ਅਤੇ ਇਸ ਲਈ, ਇੱਥੇ ਜਾਇਦਾਦ ਕਾਰੋਬਾਰ ਨਵੀਆਂ ਉਚਾਈਆਂ 'ਤੇ ਪਹੁੰਚੇਗਾ। ਇਸ ਮੌਕੇ ਡਾ: ਹਰੀ ਸਿੰਘ ਬਰਾੜ, ਇੰਦਰਜੀਤ ਸਿੰਘ, ਪੰਕਜ ਕਾਕਾ, ਨਿਤਿਨ ਥਾਪਰ, ਰਾਕੇਸ਼ ਬਜਾਜ, ਹਰਪ੍ਰੀਤ ਸਿੰਘ ਬੇਦੀ, ਮਨਦੀਪ, ਸੰਜੀਵ ਸੱਚਦੇਵਾ, ਸ਼ੇਰੂ, ਗੁਰਪ੍ਰੀਤ ਬੇਦੀ, ਸਾਹਿਲ ਅਗਰਵਾਲ ਆਦਿ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੰਜਾਬੀ ਲਾਗੂ ਕਰਵਾਉਣ ਲਈ ਭਾਈਚਾਰੇ ਦੀ ਕਾਨੂੰਨੀ ਟੀਮ ਵੱਲੋਂ ਕਾਨੂੰਨੀ ਸਰਗਰਮੀ ਤੇਜ਼ -ਮਿੱਤਰ ਸੈਨ ਮੀਤ

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੇ ਸੰਚਾਲਕ ਮਿੱਤਰ ਸੈਨ ਮੀਤ ਵੱਲੋਂ ਪ੍ਰੈਸ ਨੂੰ ਜ਼ਾਰੀ ਇੱਕ ਬਿਆਨ ਵਿੱਚ ਜਾਣਕਾਰੀ ਦਿੱਤੀ ਗਈ ਹੈ ਕਿ ਸਾਲ 2018 ਵਿੱਚ ਜਦੋਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸਥਾਪਨਾ ਹੋਈ ਸੀ ਤਾਂ ਇਹ ਫ਼ੈਸਲਾ ਕੀਤਾ ਗਿਆ ਸੀ ਕਿ ਪੰਜਾਬੀ ਨੂੰ ਸਰਕਾਰੇ ਦਰਬਾਰੇ ਬਣਦਾ ਸਤਿਕਾਰ ਦਵਾਉਣ ਲਈ ਪੰਜਾਬ ਸਰਕਾਰ ਵੱਲੋਂ ਬਣਾਏ ਦੋ ਕਾਨੂੰਨਾਂ ਦੀਆਂ ਵਿਵਸਥਾਵਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਫ਼ੈਸਲੇ ਅਧੀਨ ਭਾਈਚਾਰੇ ਵੱਲੋਂ ਕਾਨੂੰਨੀ ਮਾਹਿਰਾਂ ਦੀ ਇੱਕ ਟੀਮ ਗਠਿਤ ਕੀਤੀ ਗਈ ਸੀ ਜਿਸ ਦੀ ਅਗਵਾਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਸ੍ਰੀ ਹਰੀ ਚੰਦ ਅਰੋੜਾ ਜੀ ਨੂੰ ਸੰਭਾਲੀ ਗਈ ਸੀ। ਲੁਧਿਆਣੇ ਵਿੱਚ ਟੀਮ ਦੀ ਜਿੰਮੇਵਾਰੀ ਸ੍ਰੀ ਹਰੀਸ਼ ਰਾਏ ਢਾਂਡਾ, ਸਮਰਾਲਾ ਵਿੱਚ ਪਰਮਿੰਦਰ ਸਿੰਘ ਗਿੱਲ, ਬਠਿੰਡਾ ਵਿੱਚ ਕੰਵਲਜੀਤ ਸਿੰਘ ਕੁਟੀ ਨੂੰ ਦਿੱਤੀ ਗਈ ਸੀ। ਬਾਅਦ ਵਿੱਚ ਹਾਈਕੋਰਟ ਦੇ ਵਕੀਲ ਸੁਨੈਨਾ ਅਤੇ ਨਿਖਿਲ ਥੰਮਣ ਇਸ ਟੀਮ ਵਿੱਚ ਸ਼ਾਮਿਲ ਹੋ ਗਏ। ਇਸ ਟੀਮ ਦੀਆਂ ਪਹਿਲੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਸਭ ਦੇ ਧਿਆਨ ਵਿੱਚ ਹਨ। ਪਿਛਲੇ ਮਹੀਨਿਆਂ ਵਿੱਚ ਇਸ ਟੀਮ ਵਲੋਂ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਸਰਕਾਰ ਦੇ ਪ੍ਰਸ਼ਾਸਨਿਕ ਦਫਤਰਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਲਈ ਆਪਣੀਆਂ ਕਾਨੂੰਨੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਸ੍ਰੀ ਹਰੀ ਚੰਦ ਅਰੋੜਾ ਜੀ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਇੱਕ ਕਾਨੂੰਨੀ ਨੋਟਿਸ ਭੇਜ ਕੇ ਮੰਗ ਕੀਤੀ ਗਈ ਹੈ ਕਿ ਯੂਨੀਵਰਸਿਟੀ ਦਾ ਸਾਰਾ ਦਫਤਰੀ ਕੰਮ ਕਾਜ ਪੰਜਾਬੀ ਵਿੱਚ ਕੀਤਾ ਜਾਵੇ ਜੋ ਕਿ ਹੁਣ ਕੇਵਲ ਅੰਗਰੇਜ਼ੀ ਵਿੱਚ ਹੋ ਰਿਹਾ ਹੈ। ਇਸੇ ਤਰ੍ਹਾਂ ਸੁਨੈਨਾ ਅਤੇ ਨਿਖਿਲ ਥੰਮਣ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਕਾਨੂੰਨੀ ਨੋਟਿਸ ਜ਼ਾਰੀ ਕਰਕੇ



ਮੰਗ ਕੀਤੀ ਗਈ ਹੈ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ ਕਿਉਂਕਿ ਇਸ ਯੂਨੀਵਰਸਿਟੀ ਦੀ ਸਥਾਪਨਾ ਤਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਹੀ ਹੋਈ ਹੈ। ਦਸੰਬਰ 2024 ਵਿੱਚ ਐਡਵੋਕੇਟ ਸੁਨੈਨਾ ਅਤੇ ਐਡਵੋਕੇਟ ਨਿਖਿਲ ਥੰਮਣ ਦੀ ਟੀਮ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਵਿਰੁੱਧ ਇੱਕ ਲੋਕ ਹਿੱਤ ਰਿਟ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਸੀ ਕਿ ਕਾਰਪੋਰੇਸ਼ਨ ਵੱਲੋਂ ਜ਼ਾਰੀ ਕੀਤੇ ਜਾਂਦੇ ਬਿਜਲੀ ਉਪਭੋਗਤਾ ਬਿਲ ਪੰਜਾਬੀ ਵਿੱਚ ਜ਼ਾਰੀ ਕੀਤੇ ਜਾਣ। ਹਾਈ ਕੋਰਟ ਦੇ ਨਿਰਦੇਸ਼ ਤੇ ਇਹ ਬਿੱਲ ਪੰਜਾਬੀ ਵਿੱਚ ਆਉਣੇ ਸ਼ੁਰੂ ਹੋ ਗਏ ਸਨ। ਪਰ ਹੁਣ ਫੇਰ ਪਾਵਰ ਕੌਮ ਵੱਲੋਂ ਇਹ ਬਿੱਲ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਭੇਜਣੇ ਸ਼ੁਰੂ ਕਰ ਦਿੱਤੇ ਗਏ ਹਨ। ਮਾਨਯੋਗ ਹਾਈਕੋਰਟ ਦੇ ਇਸ ਹੁਕਮ ਦੀ ਅਦੂਲੀ ਵਿਰੁੱਧ ਐਡਵੋਕੇਟ ਸੁਨੈਨਾ ਅਤੇ ਐਡਵੋਕੇਟ ਨਿਖਿਲ ਥੰਮਣ ਦੀ ਟੀਮ ਵੱਲੋਂ ਪਾਵਰ ਕੌਮ ਨੂੰ ਅਦਾਲਤ ਦੇ ਹੁਕਮ ਦੀ ਉਲੰਘਣਾ ਕਰਨ ਦਾ ਕਾਨੂੰਨੀ ਨੋਟਿਸ ਦੇ ਕੇ ਮੰਗ ਕੀਤੀ ਗਈ ਹੈ ਉਹ ਆਪਣੇ ਉਪਭੋਗਤਾ ਬਿਲ ਮੁੜ ਪੰਜਾਬੀ ਵਿੱਚ ਭੇਜਣੇ ਸ਼ੁਰੂ ਕਰੇ ਨਹੀਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੀਤ ਹੋਰਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੋਪਸ ਐਂਡ ਪ੍ਰਾਈਵੇਟ ਇਸਟੈਬਲਿਸ਼ਮੈਂਟ ਕਾਨੂੰਨ ਵਿੱਚ ਸੋਧ ਕਰਕੇ, ਪੰਜਾਬ ਵਿੱਚ ਸਥਿਤ ਸਾਰੇ ਨਿੱਜੀ ਅਦਾਰਿਆਂ ਨੂੰ ਹੁਕਮ ਜਾਰੀ ਕੀਤਾ ਸੀ ਕਿ ਉਹ ਆਪਣੇ ਬੋਰਡਾਂ ਉੱਪਰ ਆਪਣੇ ਅਦਾਰਿਆਂ ਦੇ ਨਾਂ ਪੰਜਾਬੀ ਭਾਸ਼ਾ ਵਿਚ ਅਤੇ ਉਹ ਵੀ ਵੱਡੇ ਅੱਖਰਾਂ ਵਿੱਚ ਲਿਖਣ। ਇਸ ਹੁਕਮ ਦੀ ਪਾਲਣਾ ਦੀ ਜਿੰਮੇਵਾਰੀ ਕਿਰਤ ਵਿਭਾਗ ਨੂੰ ਦਿੱਤੀ ਗਈ ਸੀ। ਪਰ ਕਿਰਤ ਵਿਭਾਗ ਵੱਲੋਂ ਇਸ ਹੁਕਮ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਗਿਆ ਸੀ। ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਕਿਰਤ ਵਿਭਾਗ ਨੂੰ ਕਈ ਵਾਰ ਪੱਤਰ ਲਿਖ ਕੇ ਬੇਨਤੀ ਕੀਤੀ ਗਈ ਸੀ ਕਿ ਉਹ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਇਸ ਜਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਏ। ਪਰ ਕਿਰਤ ਵਿਭਾਗ ਵੱਲੋਂ ਇਹਨਾਂ ਬੇਨਤੀ ਪੱਤਰਾਂ ਵੱਲ ਵੀ ਧਿਆਨ ਨਹੀਂ ਸੀ ਦਿੱਤਾ ਗਿਆ। ਅਖ਼ੀਰ ਐਡਵੋਕੇਟ ਕੰਵਲਜੀਤ ਸਿੰਘ ਕੁਟੀ ਬਠਿੰਡਾ ਵੱਲੋਂ ਕਿਰਤ ਵਿਭਾਗ ਦੇ ਬਠਿੰਡਾ ਦੇ ਅਧਿਕਾਰੀਆਂ ਨੂੰ ਅਤੇ ਐਡਵੋਕੇਟ ਪਰਮਿੰਦਰ ਸਿੰਘ ਗਿੱਲ ਸਮਰਾਲਾ ਵੱਲੋਂ ਲੁਧਿਆਣਾ ਦੇ ਅਧਿਕਾਰੀਆਂ ਨੂੰ ਕਾਨੂੰਨੀ ਨੋਟਿਸ ਜਾਰੀ ਕਰਕੇ ਮੰਗ ਕੀਤੀ ਗਈ ਹੈ ਕਿ ਉਹ ਇਸ ਹੁਕਮ ਨੂੰ ਤੁਰੰਤ ਲਾਗੂ ਕਰਵਾਉਣ। ਇਹ ਵੀ ਮੰਗ ਕੀਤੀ ਗਈ ਹੈ ਕਿ ਹੋਰ ਅਣਗਹਿਲੀ ਕਰਨ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਹੁਕਮ ਜਾਰੀ ਕਰਕੇ ਹਦਾਇਤ ਕਰ ਦਿੱਤੀ ਗਈ ਹੈ ਕਿ ਉਹ ਇੱਕ ਮਹੀਨੇ ਦੇ ਅੰਦਰ ਅੰਦਰ ਇਸ ਹੁਕਮ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ। ਸਰਕਾਰ ਵੱਲੋਂ ਨਾਲ ਹੀ ਭਾਸ਼ਾ ਵਿਭਾਗ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਕਿਰਤ ਵਿਭਾਗ ਨੂੰ ਲੋੜੀਂਦੀ ਤਕਨੀਕੀ ਸਿੱਖਿਆ ਤੇ ਜਾਣਕਾਰੀ ਦੇਵੇ। ਜੇ ਯੂਨੀਵਰਸਿਟੀਆਂ ਤੇ ਕਿਰਤ ਵਿਭਾਗ ਨੇ ਹੋਰ ਅਣਗਹਿਲੀ ਕੀਤੀ ਤਾਂ ਭਾਈਚਾਰੇ ਦੀ ਕਾਨੂੰਨੀ ਟੀਮ ਅਦਾਲਤ ਦਾ ਦਰਵਾਜ਼ਾ ਖਟ ਖਟਾਵੇਗੀ ਅਤੇ ਮਾਂ ਬੋਲੀ ਪੰਜਾਬੀ ਨੂੰ ਘਰ ਘਰ ਪਹੁੰਚਾਉਣ ਦੀ ਆਪਣੀ ਜਿੰਮੇਵਾਰੀ ਨਿਭਾਏਗੀ।

# ਪਿੰਡ ਭਲੂਰ ਤੋਂ ਦੋ ਉਮੀਦਵਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਚਾਰ ਬਲਾਕ ਸੰਮਤੀ ਦੀ ਚੋਣ ਲਈ ਹੋਏ ਫਿਰਦੇ ਨੇ ਪੱਬਾਂ ਭਾਰ

## ਆਮ ਆਦਮੀ ਪਾਰਟੀ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਹਨ ਕੁਲਦੀਪ ਸਿੰਘ ਲੰਗੇਆਣਾ

**ਭਲੂਰ (ਬੇਅੰਤ ਗਿੱਲ)**

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਨੂੰ ਲੈ ਕੇ ਮਾਹੌਲ ਪੂਰਾ ਭਖਿਆ ਹੋਇਆ ਹੈ। ਨਾਮਜ਼ਦਗੀ ਪੱਤਰਾਂ ਦੀ ਪੜਤਾਲ ਮੁਕੰਮਲ ਹੋ ਚੁੱਕੀ ਹੈ। ਚੋਣ ਪ੍ਰਚਾਰ ਆਪਣੇ ਮੁਕਾਮ 'ਤੇ ਹੈ। ਮਿਤੀ 14 ਦਸੰਬਰ 2025 ਦਿਨ ਐਤਵਾਰ ਨੂੰ ਵੋਟਿੰਗ ਹੋਵੇਗੀ ਅਤੇ ਮਿਤੀ 17 ਦਸੰਬਰ ਦਿਨ ਬੁੱਧਵਾਰ ਨੂੰ ਵੋਟਾਂ ਦੀ ਗਿਣਤੀ ਹੋਣ ਬਾਰੇ ਐਲਾਨ ਕੀਤਾ ਗਿਆ ਹੈ। ਨਾਲ ਲੱਗਵਾਂ ਇਹ ਐਲਾਨ ਵੀ ਹੋਇਆ ਹੈ ਕਿ ਉਕਤ ਚੋਣਾਂ ਦੌਰਾਨ ਈਵੀਐਮ ਮਸ਼ੀਨਾਂ ਦੀ ਥਾਂ ਬੈਲਟ ਪੇਪਰ ਬਾਕਸ ਰਾਹੀਂ ਵੋਟਾਂ ਕਰਵਾਈਆਂ ਜਾਣਗੀਆਂ। ਸਰਪੰਚੀ ਵਾਲੀਆਂ ਵੋਟਾਂ ਦੀ ਤਰ੍ਹਾਂ ਪਿੰਡ ਭਲੂਰ ਫ਼ਿਰ ਡਟਿਆ ਖੜ੍ਹਾ ਹੈ। ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਨੂੰ ਜੱਫੀਆਂ ਪੈ ਰਹੀਆਂ ਹਨ। ਚਾਰ ਚੁਫੇਰੇ ਮਾਤਾ ਜੀ.. ਮਾਤਾ ਜੀ.. ਬਾਪੂ ਜੀ... ਬਾਪੂ ਜੀ... ਚਾਚਾ ਜੀ.. ਚਾਚਾ ਜੀ .. ਹੋ ਰਹੀ ਹੈ । ਹਰ ਗਲੀ ਮੁਹੱਲੇ 'ਚੋਂ ਮਿੱਠੀਆਂ ਮਿੱਠੀਆਂ ਗੱਲਾਂ ਦੀ ਮਹਿਕ ਆ ਰਹੀ ਹੈ। ਬਜ਼ੁਰਗਾਂ ਦੇ ਪੈਰੀਂ ਹੱਥ ਲੱਗ ਰਹੇ ਹਨ। ਕਿਸੇ ਗੱਲੋਂ ਵਿਟਰੇ ਆਂਢੀਆਂ ਗੁਆਂਢੀਆਂ ਨੂੰ ਵਰਾਇਆ ਪਰਚਾਇਆ ਜਾ ਰਿਹਾ ਹੈ। ਧੱਕੇ ਨਾਲ ਹੀ ਦੂਰ ਨੇੜੇ ਦੀਆਂ ਰਿਸ਼ਤੇਦਾਰੀਆਂ ਕੱਢੀਆਂ ਜਾ ਰਹੀਆਂ। ਲਿਹਾਜ਼ਾਂ ਕਾਇਮ ਕੀਤੀਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪਿੰਡ ਭਲੂਰ ਤੋਂ ਆਮ ਆਦਮੀ ਪਾਰਟੀ ਵੱਲੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਕ੍ਰਮਵਾਰ ਨੱਥਾ ਸਿੰਘ ਭਲੂਰ, ਕੁਲਦੀਪ ਸਿੰਘ ਲੰਗੇਆਣਾ , ਕਾਂਗਰਸ ਪਾਰਟੀ ਵੱਲੋਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਕ੍ਰਮਵਾਰ ਜ਼ੈਲਦਾਰ ਕੁਲਵੀਰ ਸਿੰਘ ਭਲਵਾਨ, ਗੁਰਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਕ੍ਰਮਵਾਰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਸ਼ੇਰ ਸਿੰਘ ਬਰਾੜ ਤੇ ਕਸ਼ਮੀਰ ਸਿੰਘ ਮੈਦਾਨ ਵਿੱਚ



ਹਨ। ਇਸੇ ਤਰ੍ਹਾਂ ਬਲਾਕ ਸੰਮਤੀ ਲਈ ਆਜ਼ਾਦ ਉਮੀਦਵਾਰ ਜਸਵੀਰ ਸਿੰਘ ਕੰਡਾ ਚੋਣ ਲੜ ਰਹੇ ਹਨ । ਉਕਤ ਛੇ ਉਮੀਦਵਾਰ ਪਿੰਡ ਭਲੂਰ ਦੀ ਮਿੱਟੀ ਦੇ ਜੰਮੇ ਪਲੇ ਹਨ। ਇਹਨਾਂ ਵਿਚਲੇ ਚਾਰ ਬਲਾਕ ਸੰਮਤੀ ਲਈ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਉਨ੍ਹਾਂ ਦੇ ਹਮਾਇਤੀ ਪੱਬਾਂ ਭਾਰ ਹੋਏ ਫਿਰਦੇ ਹਨ। ਆਏ ਦਿਨ ਆਉਂਦੀਆਂ ਵੋਟਾਂ ਨੂੰ ਲੈ ਕੇ ਬਹੁਤੇ ਲੋਕ ਪ੍ਰੇਸ਼ਾਨ ਵੀ ਹਨ। ਜ਼ਿਆਦਾਤਰ ਬੀਬੀਆਂ ਇਸ ਗੱਲ ਨੂੰ ਲੈ ਕੇ ਲੀਡਰਾਂ ਨੂੰ ਠੰਡੀਆਂ ਤੱਤੀਆਂ ਗਾਲ੍ਹਾਂ ਵੀ ਕੱਢ ਮਾਰਦੀਆਂ ਹਨ। ਕਿਉਂਕਿ ਕੁਝ ਭੌਂਦੂ ਸਿਆਸੀ ਨਸ਼ੇ ਦੀ ਲੋਰ ਵਿੱਚ ਸਾਰਾ ਸਾਰਾ ਦਿਨ ਘਰ ਹੀ ਨਹੀਂ ਵੜ੍ਹਦੇ। ਇੱਥੇ ਦੱਸ ਦੇਈਏ ਕਿ ਕਾਂਗਰਸ ਪਾਰਟੀ ਦੇ ਬਲਾਕ ਸੰਮਤੀ ਉਮੀਦਵਾਰ ਜ਼ੈਲਦਾਰ ਕੁਲਵੀਰ ਸਿੰਘ ਭਲਵਾਨ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਬਲਾਕ ਸੰਮਤੀ ਉਮੀਦਵਾਰ ਸ਼ੇਰ ਸਿੰਘ ਬਰਾੜ, ਆਮ ਆਦਮੀ ਪਾਰਟੀ ਦੇ ਬਲਾਕ ਸੰਮਤੀ ਉਮੀਦਵਾਰ ਨੱਥਾ ਸਿੰਘ ਅਤੇ ਆਜ਼ਾਦ ਉਮੀਦਵਾਰ ਜਸਵੀਰ ਸਿੰਘ ਕੰਡਾ ਸਮੇਤ ਸਭ ਵੱਲੋਂ ਚੋਣ ਪ੍ਰਚਾਰ ਲਈ ਘਰ ਘਰ ਤੱਕ ਪਹੁੰਚ ਕੀਤੀ ਜਾ ਰਹੀ ਹੈ। ਵੋਟਰ ਹਾਲੇ ਦਿਲ ਦੀ ਘੁੰਡੀ ਖੋਲ੍ਹ ਨਹੀਂ ਰਿਹਾ। ਉਹ ਘਰ ਆਏ ਹਰੇਕ ਉਮੀਦਵਾਰ ਨੂੰ ਵੋਟ ਪਾ ਰਿਹਾ ਹੈ। ਇਹ ਤਾਂ ਹੁਣ 14 ਤੇ 17 ਦਸੰਬਰ ਹੀ ਦੱਸੇਗਾ ਕਿ ਕੀਹਦਾ ਟਾਪੂ ਲੱਗਦਾ ਤੇ ਕੀਹਦੇ ਸਿਰ ਜਿੱਤ ਦਾ ਤਾਜ ਸਜਦਾ।

# ਵਿਧਾਇਕ ਸੰਤੋਸ਼ ਕਟਾਰੀਆ ਨੇ ਆਪ ਉਮੀਦਵਾਰ ਚੀਨੂੰ ਰਾਣੀ ਨੂੰ ਸਰਬ ਸੰਮਤੀ ਨਾਲ ਚੁਣੇ ਜਾਣ ਤੇ ਦਿੱਤੀਆਂ ਵਧਾਈਆਂ....

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਬਲਾਕ ਸੰਮਤੀ ਭੱਦੀ ਜ਼ੋਨ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਚੀਨੂੰ ਰਾਣੀ ਦੀ ਚੋਣ ਪ੍ਰਕਿਰਿਆ ਅੱਜ ਸਰਬ ਸੰਮਤੀ ਨਾਲ ਮੁਕੰਮਲ ਹੋ ਗਈ। ਇਸ ਸਫ਼ਲਤਾ 'ਤੇ ਹਲਕੇ ਦੇ ਵਿਧਾਇਕ ਸ੍ਰੀਮਤੀ ਸੰਤੋਸ਼ ਕਟਾਰੀਆ ਨੇ ਖੁਸ਼ੀ ਜ਼ਾਹਰ ਕਰਦਿਆਂ ਸਮੂਹ ਨਵੇਂ ਚੁਣੇ ਨੁਮਾਇੰਦਿਆਂ ਨੂੰ ਵਧਾਈਆਂ ਦਿੱਤੀਆਂ।

ਇਸ ਮੌਕੇ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਇਹ ਸਰਬ ਸੰਮਤੀ ਨਾਲ ਹੋਈ ਚੋਣ ਦਰਸਾਉਂਦੀ ਹੈ ਕਿ ਹਲਕੇ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਅਤੇ ਇਸ ਦੀਆਂ ਲੋਕ-ਪੱਖੀ ਨੀਤੀਆਂ ਵਿੱਚ ਪੂਰਾ



ਭਰੋਸਾ ਹੈ। ਉਨ੍ਹਾਂ ਨੇ ਨਵੇਂ ਚੁਣੇ ਗਏ ਨੁਮਾਇੰਦੇ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਦੀਆਂ ਨੀਤੀਆਂ ਅਨੁਸਾਰ ਇਲਾਕੇ ਦੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ।

ਵਧਾਈਆਂ ਦਿੰਦਿਆਂ ਵਿਧਾਇਕ ਕਟਾਰੀਆ ਨੇ ਕਿਹਾ, "ਮੈਂ ਸਮੁੱਚੀ ਟੀਮ ਨੂੰ ਇਸ ਸਰਬ ਸੰਮਤੀ ਵਾਲੀ ਜਿੱਤ ਲਈ ਦਿਲੋਂ ਵਧਾਈ ਦਿੰਦੀ ਹਾਂ। ਅਸੀਂ ਸਾਰੇ ਮਿਲ ਕੇ ਬਲਾਕ ਸੰਮਤੀ ਖੇਤਰ ਵਿੱਚ ਇਮਾਨਦਾਰੀ ਅਤੇ ਲਗਨ ਨਾਲ ਕੰਮ ਕਰਾਂਗੇ ਤਾਂ ਜੋ ਹਰ ਵਰਗ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਮਿਲ ਸਕਣ।"

ਇਸ ਸਰਬ ਸੰਮਤੀ ਵਾਲੀ ਚੋਣ ਨੂੰ ਜ਼ਮੀਨੀ ਪੱਧਰ 'ਤੇ 'ਆਪ' ਦੀ ਵਧ ਰਹੀ ਮਜ਼ਬੂਤੀ ਵਜੋਂ ਦੇਖਿਆ ਜਾ ਰਿਹਾ ਹੈ।

# ਕਾਂਗਰਸ ਪਾਰਟੀ ਦੇ ਜਿੱਤ ਵੱਲ ਵਧਦੇ ਕਦਮ- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਚੋਣਾਂ ਦਾ ਬਿਗੁਲ ਵੱਜਣ ਉਪਰੰਤ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਮੈਦਾਨ ਵਿੱਚ ਆ ਗਈਆਂ ਹਨ ਅਤੇ ਕਾਂਗਰਸ ਪਾਰਟੀ ਸਭ ਤੋਂ ਅਗਾਂਹ ਵਧਦੀ ਦਿਖਾਈ ਦੇ ਰਹੀ ਹੈ। ਬੀਤੇ ਕੱਲ ਜ਼ਿਲ੍ਹਾ ਪ੍ਰੀਸ਼ਦ ਜ਼ੋਨ ਰੱਤੇਵਾਲ ਦੇ ਮੁੱਖ ਦਫਤਰ ਦਾ ਸ਼ਹਿਰ ਬਲਾਚੌਰ ਅਤੇ ਬਲਾਕ ਸੰਮਤੀ ਜੋਨ ਥੋਪੀਆ ਦੇ ਦਫਤਰ ਦਾ ਪਿੰਡ-ਉਧਨਵਾਲ ਵਿਖੇ ਉਧਘਾਟਨ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਵੱਲੋਂ ਕੀਤਾ ਗਿਆ। ਸਾਰੇ ਹੀ ਕਾਂਗਰਸੀ ਵਰਕਰਾਂ ਵਿੱਚ ਆਪਣੇ ਲੀਡਰ ਪ੍ਰਤੀ ਵਿਸ਼ਵਾਸ ਅਤੇ ਜੋਸ਼ ਨਾਲ ਭਰਿਆ ਉਤਸਾਹ ਮਹਿਸੂਸ ਕੀਤਾ ਜਾ ਰਿਹਾ ਸੀ। ਅਜੇ ਮੰਗਪੁਰ ਨੇ ਕਿਹਾ ਕਿ ਸਾਰੇ ਹੀ ਕਾਂਗਰਸੀ ਵਰਕਰ ਇਨ੍ਹਾਂ ਚੋਣਾਂ ਵਿੱਚ ਅਣਥੱਕ ਮਿਹਨਤ ਕਰ ਕਾਂਗਰਸ ਪਾਰਟੀ ਦੀ ਜਿੱਤ ਲਈ ਮਿਹਨਤ ਕਰ ਰਹੇ ਹਨ। ਲੋਕ ਸੱਤਾਧਾਰੀ ਪਾਰਟੀ ਅਤੇ ਬਾਕੀ ਪਾਰਟੀਆਂ ਤੋਂ ਅੱਕ ਚੁੱਕੇ ਹਨ ਅਤੇ ਕਾਂਗਰਸ ਪਾਰਟੀ ਨੂੰ ਜਿਤਾਉਣ ਦਾ ਮਨ ਬਣਾਈ ਬੈਠੇ ਹਨ। ਅਜੇ ਮੰਗੂਪੁਰ ਨੇ ਕਿਹਾ ਕਿ ਇਸ ਵਾਰ ਘਰਾਂ ਵਿੱਚ ਬੈਠੇ ਲੋਕ ਰਾਜਨੀਤਿਕ ਪਾਰਟੀਆਂ ਨਾਲੋਂ ਵੱਧ ਚੋਣਾ ਦੀ ਉਡੀਕ ਕਰ ਰਹੇ ਹਨ। ਅਜੇ ਮੰਗੂਪੁਰ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਸਾਰੇ ਹੀ ਉਮੀਦਵਾਰ ਸੂਝਵਾਨ ਅਤੇ ਸਮਾਜ ਸੇਵੀ ਹਨ ਅਤੇ ਕਾਂਗਰਸ ਪਾਰਟੀ ਇਸ ਵਾਰੀ ਵਧੇਰੀ ਲੀਡ ਨਾਲ ਜਿੱਤ ਪ੍ਰਾਪਤ ਕਰੇਗੀ। ਇਸ ਮੌਕੇ ਅਜੇ ਮੰਗਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਧਰਮਪਾਲ ਚੇਅਰਮੈਨ, ਅਮਨਦੀਪ ਕੌਰ ਉਮੀਦਵਾਰ ਪਤਨੀ ਵਿਜੇ ਮੋਹਨ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਰੱਤੇਵਾਲ ਜ਼ੋਨ, ਮੋਹਨ



ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਪੰਚਾਇਤ ਰਾਜ ਸੰਗਠਨ, ਅਮਨਦੀਪ ਕੁਮਾਰੀ ਪਤਨੀ ਰਵੀ ਕੁਮਾਰ ਉਮੀਦਵਾਰ ਬਲਾਕ ਸੰਮਤੀ ਥੋਪੀਆ, ਮੋਹਿੰਦਰ ਪਾਲ ਚੇਅਰਮੈਨ, ਨਾਨਕ ਸਿੰਘ ਬਾਂਠ ਉਮੀਦਵਾਰ ਬਲਾਕ ਸੰਮਤੀ ਸੁੱਧਾ ਮਾਜਰਾ, ਪਰਵੀਨ ਚੌਧਰੀ ਉਮੀਦਵਾਰ ਬਲਾਕ ਸੰਮਤੀ ਟਕਾਰਲਾ, ਕੇਵਲ ਲਾਲ ਉਮੀਦਵਾਰ ਬਲਾਕ ਸੰਮਤੀ ਚਣਕੋਆ, ਮਦਨ ਲਾਲ ਉਮੀਦਵਾਰ ਬਲਾਕ ਸੰਮਤੀ ਆਦੋਆਣਾਂ, ਮੋਹਿੰਦਰ ਪਾਲ ਉਮੀਦਵਾਰ ਬਲਾਕ ਸੰਮਤੀ ਭਰਥਲਾ, ਰਾਜੀਵ ਘੋਲਾ ਉਮੀਦਵਾਰ ਬਲਾਕ ਸੰਮਤੀ ਰੱਤੇਵਾਲ, ਕੁਲਦੀਪ ਕੁਮਾਰ ਦੀਪਾ ਪ੍ਰਧਾਨ ਕਿਸਾਨ ਸੈੱਲ, ਪ੍ਰਵੀਨ ਚੌਧਰੀ ਕਾਠਗੜ ਆਦਿ ਸੈਂਕੜੇ ਕਾਂਗਰਸੀ ਵਰਕਰ ਹਾਜਰ ਸਨ।

## ਸਾਹਿਤਕ ਰਿਪੋਰਟ

ਅੰਤਰਰਾਸ਼ਟਰੀ ਪ੍ਰਸਿੱਧ ਸ਼ਾਸਤਰੀ ਸੰਗੀਤ ਦੇ ਮਸ਼ਹੂਰ ਗ਼ਜ਼ਲ ਗਾਇਕ ਉਸਤਾਦ ਮਹਿੰਦੀ ਹਸਨ ਖਾਨ ਦੇ ਭਤੀਜੇ ਉਸਤਾਦ ਮੁਸਤਫਾ ਮੀਰ ਸਾਹਿਬ ਕੱਲ੍ਹ ਕਰਾਚੀ ਤੋਂ ਕਸੂਰ ਆਏ ਸਨ ਅਤੇ ਉਨ੍ਹਾਂ ਨੂੰ ਮਿਲਣ ਦਾ ਮਾਣ ਪ੍ਰਾਪਤ ਹੋਇਆ। ਉਨ੍ਹਾਂ ਨੂੰ ਬੁੱਲ੍ਹੇ ਸ਼ਾਹ ਅਦਬੀ ਸੰਗਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਹਜ਼ਰਤ ਬਾਬਾ ਬੁੱਲ੍ਹੇ ਸ਼ਾਹ ਜੀ ਦੀ ਦਰਗਾਹ 'ਤੇ ਗਏ।

ਡਾ. ਮੁਹੰਮਦ ਰਿਆਜ਼ ਅੰਜੁਮ, ਪ੍ਰਧਾਨ, ਬੁੱਲ੍ਹੇ ਸ਼ਾਹ ਅਦਬੀ ਸੰਗਤ ਰਜਿਸਟਰਡ ਕਸੂਰ, ਉਸਤਾਦ ਮੁਸਤਫਾ ਮੀਰ ਨੂੰ ਬੁੱਲ੍ਹੇ ਸ਼ਾਹ ਪੁਰਸਕਾਰ ਪ੍ਰਦਾਨ ਕਰਦੇ



ਹੋਏ ਜਦੋਂ ਕਿ ਸਲੀਮ ਆਫਤਾਬ, ਸਲੀਮ ਕਸੂਰੀ, ਸੈਕਰਟਰੀ ਜਨਰਲ ਅਤੇ ਮੇਹਰ ਸ਼ੌਕਤ ਅਲੀ, ਸੀਨੀਅਰ ਉਪ ਪ੍ਰਧਾਨ ਉਨ੍ਹਾਂ ਦੇ ਨਾਲ ਖੜ੍ਹੇ ਹਨ।

**ਰਿਪੋਰਟ ਸਲੀਮ ਆਫਤਾਬ**
**ਸਲੀਮ ਕਸੂਰੀ**





# ਵਿਸ਼ਵ ਮਿੱਟੀ ਦਿਵਸ ਮੌਕੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਸਰਕਾਰੀ ਸਕੂਲ ਪੂੰਨੂ ਮਜਾਰਾ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ

**● ਵਿਦਿਆਰਥੀਆਂ ਨੇ ਲਿਆ ਮਿੱਟੀ ਸੰਭਾਲ ਦਾ ਪ੍ਰਣ ● ਐਸ.ਡੀ.ਜੀ. ਗੋਲਜ ਦੀ ਰੌਸ਼ਨੀ ਵਿੱਚ ਮਿੱਟੀ ਸੰਰੱਖਣ ਦਾ ਦੱਸਿਆ ਮਹੱਤਵ — ਅੰਕੁਸ਼ ਨਿਸ਼ਾਵਨ ਵੱਲੋਂ ਵਿਦਿਆਰਥੀਆਂ ਨੂੰ ਕੀਤਾ ਗਿਆ ਜਾਗਰੂਕ ● ਸਿਹਤਮੰਦ ਮਿੱਟੀ ਹੀ ਬਣਾਉਂਦੀ ਹੈ ਸਥਾਈ ਭਵਿੱਖ : ਅੰਕੁਸ਼ ਨਿਸ਼ਾਵਨ**

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਵਿਸ਼ਵ ਮਿੱਟੀ ਦਿਵਸ ਦੇ ਮੌਕੇ ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਵੱਲੋਂ ਸਰਕਾਰੀ ਸਕੂਲ ਪੂੰਨੂ ਮਜਾਰਾ ਵਿੱਚ ਇਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਮਿੱਟੀ ਦੀ ਮਹੱਤਤਾ, ਮਿੱਟੀ ਦੀ ਸਿਹਤ ਅਤੇ ਭਵਿੱਖ ਦੀ ਖੁਰਾਕ ਸੁਰੱਖਿਆ ਨਾਲ ਜੁੜੇ ਪਹਿਲੂਆਂ ਬਾਰੇ ਜਾਗਰੂਕ ਕਰਨਾ ਸੀ। ਇਸ ਸਾਲ ਦੀ ਥੀਮ "ਸਿਹਤਮੰਦ ਮਿੱਟੀ, ਸਿਹਤਮੰਦ ਸ਼ਹਿਰ" ਨੂੰ ਧਿਆਨ ਵਿੱਚ ਰੱਖਦੇ ਹੋਏ ਚਰਚਾ ਕੀਤੀ ਗਈ। ਮੁੱਖ ਵਕਤਾ ਅੰਕੁਸ਼ ਨਿਸ਼ਾਵਨ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਸਾਡੀ ਥਾਲੀ ਦਾ ਲਗਭਗ 95% ਭੋਜਨ ਮਿੱਟੀ 'ਤੇ ਹੀ ਨਿਰਭਰ ਕਰਦਾ ਹੈ। ਉਨ੍ਹਾਂ ਨੇ ਇਹ ਵੀ ਸਮਝਾਇਆ ਕਿ ਮਿੱਟੀ ਸਿਰਫ ਧਰਤੀ ਦੀ ਪਰਤ ਨਹੀਂ, ਸਗੋਂ ਕਰੋੜਾਂ ਜੀਵਾਂ ਦਾ ਘਰ , ਪਾਣੀ ਦਾ ਕੁਦਰਤੀ ਛਾਣਨ ਤੰਤਰ ਅਤੇ ਜੀਵਨ ਦਾ ਅਸਲ ਅਧਾਰ ਹੈ।



ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਰਸਾਇਣਿਕ ਖਾਦਾਂ ਦੀ ਬੇਤਹਾਸ਼ਾ ਵਰਤੋਂ, ਪਲਾਸਟਿਕ ਪ੍ਰਦੂਸ਼ਣ, ਮਿੱਟੀ ਕਟਾਅ, ਜਲਵਾਯੂ ਪਰਿਵਰਤਨ ਅਤੇ ਜੰਗਲਾਂ ਦੀ ਕਟਾਈ ਕਾਰਨ ਮਿੱਟੀ ਦੀ ਉਰਵਰਤਾ ਤੇਜ਼ੀ ਨਾਲ ਘਟ ਰਹੀ ਹੈ, ਜਿਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ। ਅੰਕੁਸ਼ ਨਿਸ਼ਾਵਨ ਨੇ ਮਿੱਟੀ ਸੰਰੱਖਣ ਨੂੰ ਸੰਯੁਕਤ ਰਾਸ਼ਟਰ ਦੇ ਐਸ.ਡੀ.ਜੀ. ਲਕਸ਼ਾਂ ਨਾਲ ਜੋੜਦੇ ਹੋਏ ਦੱਸਿਆ ਕਿ ਸਿਹਤਮੰਦ ਮਿੱਟੀ ਐਸ ਡੀ ਜੀ -2 (ਜ਼ੀਰੋ ਹੰਗਰ), ਐਸ ਡੀ ਜੀ -3 (ਗੁਡ ਹੈਲਥ ਅਤੇ ਵੈਲ ਬੀਇੰਗ), ਐਸ ਡੀ ਜੀ-6 (ਕਲੀਨ ਵਾਟਰ ਅਤੇ ਸੈਨੀਟੇਸ਼ਨ), ਐਸ ਡੀ ਜੀ-12 (ਰਿਸਪੋਂਸਿਬਲ ਕੰਜਪਸ਼ਨ ਅਤੇ ਪ੍ਰੋਡਕਸ਼ਨ) ਐਸ ਡੀ ਜੀ-13 (ਕਲਾਈਮੇਟ ਐਕਸ਼ਨ) ਅਤੇ ਐਸ ਡੀ ਜੀ-15 (ਲਾਈਫ ਓਨ ਲੈਂਡ) ਨੂੰ ਸਿੱਧਾ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਟਿਕਾਊ ਭਵਿੱਖ ਦੀ ਨੀਂਹ ਸਿਰਫ ਸਿਹਤਮੰਦ ਮਿੱਟੀ ਨਾਲ ਹੀ ਰੱਖੀ ਜਾ ਸਕਦੀ ਹੈ। ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਮਿੱਟੀ ਸੰਭਾਲ ਅਤੇ ਵਾਤਾਵਰਣ ਰੱਖਿਆ ਦੀ ਸ਼ਪਥ ਦਿਵਾਈ ਗਈ। ਸਕੂਲ ਇੰਚਾਰਜ ਗੁਰਤਰਨਜੀਤ ਕੌਰ ਨੇ ਇਸ ਮੁਹਿੰਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਵਿੱਚ ਕੁਦਰਤ ਪ੍ਰਤੀ ਜ਼ਿੰਮੇਵਾਰੀ, ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਪੈਦਾ ਕਰਨ ਵਿੱਚ ਮੀਲ ਦੇ ਪੱਥਰ ਦਾ ਕੰਮ ਕਰਦੇ ਹਨ।ਇਸ ਮੌਕੇ ਕਲੱਬ ਦੇ ਮੈਂਬਰ ਕੁਲਵਿੰਦਰ ਸਿੰਘ, ਸਕੂਲ ਇੰਚਾਰਜ ਗੁਰਤਰਨਜੀਤ ਕੌਰ, ਸੁਸ਼ੀਲ ਕੁਮਾਰ ਅਤੇ ਮੈਡਮ ਰਿਚਾ ਵੀ ਹਾਜ਼ਰ ਰਹੇ।

# ਨੌਜਵਾਨ ਪੀੜ੍ਹੀ ਏਡਜ਼ ਦੇ ਭਿਆਨਕ ਨਤੀਜੀਆਂ ਤੋਂ ਖ਼ੌਫ ਖਾਵੇ - ਲਾਇਨ ਦਿਨਕਰ ਸੰਧੂ

## ਸਰਕਾਰਾਂ ਵੱਲੋਂ ਏਡਜ਼ ਪ੍ਰਤੀ ਜਾਗਰੂਕਤਾ ਨਾ ਦਿਖਾਉਣੀ, ਮਨੁੱਖਤਾ ਦਾ ਘਾਣ - ਲਾਇਨ ਅਸ਼ੋਕ ਸੰਧੂ ਨੰਬਰਦਾਰ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੇ ਪ੍ਰਧਾਨ ਲਾਇਨ ਦਿਨਕਰ ਸੰਧੂ ਨੇ ਆਪਣਾ ਜਨਮ ਦਿਨ ਏਡਜ਼ ਵਰਗੀ ਭਿਆਨਕ ਬਿਮਾਰੀ ਤੋਂ ਲੋਕਾਂ ਨੂੰ ਜਾਗਰੂਕ ਕਰਨ ਦੇ ਇਰਾਦੇ ਨਾਲ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਚੂਹੇਕੀ ਵਿਖੇ ਪੈਟਰੋਲ ਪੰਪ 'ਤੇ ਮਨਾਇਆ। ਕਲੱਬ ਪ੍ਰਧਾਨ ਨੇ ਜਿੱਥੇ ਚਾਵਾਂ ਸੱਧਰਾਂ ਨਾਲ ਕੇਕ ਕੱਟਿਆ ਉੱਥੇ ਲੋਕ ਕਲਿਆਣ ਹਿੱਤ ਸੈਂਕੜੇ ਲੋਕਾਂ ਦੇ ਰੈੱਡ ਰਿਬਨ ਲਗਾਕੇ ਆਪਣੇ ਡਿਸਟ੍ਰਿਕ 321- ਡੀ ਦੇ ਅਫਸਰ ਹੋਣ ਦਾ ਫਰਜ਼ ਵੀ ਨਿਭਾਇਆ, ਉਹਨਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਏਡਜ਼ ਤੋਂ ਖਾਸ ਤੌਰ 'ਤੇ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਇਸਦੇ ਭਿਆਨਕ ਨਤੀਜਿਆਂ ਤੋਂ ਖ਼ੌਫ ਖਾਣਾ ਚਾਹੀਦਾ ਹੈ। ਨੰਬਰਦਾਰ ਯੂਨੀਅਨ ਜ਼ਿਲਾ ਜਲੰਧਰ ਦੇ ਪ੍ਰਧਾਨ ਅਤੇ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੇ ਸਰਕਾਰਾਂ ਪ੍ਰਤੀ ਆਪਣਾ ਰੋਸ ਦਰਜ ਕਰਵਾਉਂਦਿਆਂ ਕਿਹਾ ਕਿ ਏਡਜ਼ ਦੀ ਬਿਮਾਰੀ ਇੱਕ ਲਾਇਲਾਜ਼ ਬਿਮਾਰੀ ਹੈ ਅਤੇ ਏਡਜ਼ ਦਾ ਰੋਗੀ ਤੜਪ-ਤੜਪ ਕੇ ਖੁਦ ਹੀ ਨਹੀਂ ਮਰਦਾ ਬਲਕਿ ਸਗੋਂ ਕਈ ਘਰ ਬਰਬਾਦ ਕਰ ਦਿੰਦਾ ਹੈ, ਸਰਕਾਰਾਂ ਨੂੰ ਚਾਹੀਦਾ ਹੈ ਏਡਜ਼ ਤੋਂ ਬਚਣ ਦਾ ਪ੍ਰਚਾਰ ਜੰਗੀ ਪੱਧਰ 'ਤੇ ਕਰਨ ਤਾਂ ਕਿ ਲੋਕ ਖੁਦ ਵੀ ਨਾ ਮਰਨ, ਹੋਰਾਂ ਨੂੰ ਵੀ ਨਾ ਮਾਰਨ ਅਤੇ ਮਨੁੱਖਤਾ ਦਾ ਘਾਣ ਵੀ ਨਾ ਹੋਵੇ। ਏਡਜ਼ ਜਾਗਰੂਕਤਾ ਪ੍ਰੋਗਰਾਮ ਵਿੱਚ ਸ਼੍ਰੀਮਤੀ ਪਰਵੀਨ




ਕਲੱਬ ਪ੍ਰਧਾਨ ਲਾਇਨ ਦਿਨਕਰ ਸੰਧੂ ਦੀ ਪ੍ਰਧਾਨਗੀ ਹੇਠ ਏਡਜ਼ ਜਾਗਰੂਕਤਾ ਸੰਬੰਧੀ ਹੱਥਾਂ ਵਿੱਚ ਸਲੋਗਨ ਫੜ੍ਹਕੇ ਦੇਸ਼ ਦੇ ਪ੍ਰਤੀ ਆਪਣਾ ਫਰਜ਼ ਨਿਭਾਉਂਦੇ ਲਾਇਨ ਮੈਂਬਰ ਅਤੇ ਹੋਰ ਸਾਥੀ।

ਰਾਣੀ ਸੰਧੂ ਕੈਨੇਡਾ, ਸੁਨੀਤਾ ਦੇਵੀ, ਮਿਸ ਪ੍ਰਿਯੰਕਾ ਸੰਧੂ, ਰਿਸ਼ੀ ਸੰਧੂ ਮਨੀਲਾ, ਸੁਰਜੀਤ ਸਿੰਘ, ਸਰਬਜੀਤ ਕੌਰ, ਮਨੋਜ ਸੰਧੂ, ਰਮਾ ਸੋਖਲ, ਜਸਦੀਪ ਸਿੱਧੂ, ਸਿਮਰਨ ਸਿੱਧੂ ਤੋਂ ਇਲਾਵਾ ਕਲੱਬ ਦੇ ਅਫਸਰ ਲਾਇਨ ਆਂਚਲ ਸੰਧੂ ਸੋਖਲ ਇਮੀਡੇਟ ਕਲੱਬ ਪ੍ਰਧਾਨ, ਲਾਇਨ ਜਸਪ੍ਰੀਤ ਕੌਰ ਸੰਧੂ ਸੈਕਟਰੀ, ਲਾਇਨ ਬਬਿਤਾ ਸੰਧੂ ਟਰੈਜਰਰ ਨੇ ਉਚੇਚੇ ਤੌਰ ਲੋਕਾਂ ਨੂੰ ਏਡਜ਼/ਐਚ.ਆਈ.ਵੀ ਤੋਂ ਬਚਣ ਦਾ ਹੋਕਾ ਦਿੱਤਾ। ਸਮਾਜ ਸੇਵੀ ਲਾਇਨ ਸੀਤਾ ਰਾਮ ਸੋਖਲ ਨੇ ਦੀਪ ਜਗਾਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਨੰਨ੍ਹੇ ਮੁੰਨ੍ਹੇ ਬੱਚਿਆਂ ਗੁਰਫ਼ਤਿਆ ਸੋਖਲ, ਗੁਰਅੰਸ਼ ਸੋਖਲ ਅਤੇ ਸ਼ਿਵਵੰਸ਼ ਸੰਧੂ ਨੇ ਐਚ.ਆਈ.ਵੀ/ ਏਡਜ਼ ਤੋਂ ਬਚੇ ਰਹਿਣ ਲਈ ਹੱਥਾਂ ਵਿੱਚ ਸਲੋਗਨ ਫੜਕੇ ਵੱਡਮੁੱਲਾ ਯੋਗਦਾਨ ਪਾਇਆ। ਕਲੱਬ ਦੇ ਅਫਸਰ ਲਾਇਨ ਸੋਮਿਨਾਂ ਸੰਧੂ ਸਾਬਕਾ ਕਲੱਬ ਪ੍ਰਧਾਨ, ਲਾਇਨ ਰਣਜੀਤ ਸਿੰਘ ਪੀ.ਆਰ.ਓ, ਕਲੱਬ ਦੇ ਚੇਅਰਪਰਸਨ ਲਾਇਨ ਯੋਗੇਸ਼ ਗੁਪਤਾ ਐਡਵੋਕੇਟ ਅਤੇ ਵਿਸ਼ੂ ਗੁਪਤਾ ਨੇ ਵੀ ਸਰਬੱਤ ਦੇ ਭਲੇ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ।

# ਆਪਣੇ ਨਵੇਂ ਗੀਤ "ਮੁੰਡਾ ਕਾਲੇ ਰੰਗ ਦਾ" ਨਾਲ ਪੰਜਾਬੀ ਗਾਇਕਾ ਮਮਤਾਪ੍ਰੀਤ: ਅਮਰੀਕ ਮਾਇਕਲ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਨਿਰਮਾਤਾ ਪੂਜਾ ਸੱਭਰਵਾਲ ਨੇ ਦਸਿਆ ਕਿ ਪੰਜਾਬ ਦੀ ਬਹੁਤ ਹੀ ਸੁਰੀਲੀ ਅਤੇ ਖੂਬਸੂਰਤ ਗਾਇਕਾ ਮੈਡਮ ਮਮਤਾ ਪ੍ਰੀਤ ਜਿਹਨਾਂ ਦੇ ਪਹਿਲੇ ਪੰਜਾਬੀ ਤੇ ਧਾਰਮਿਕ ਗੀਤਾਂ ਨੂੰ ਬਹੁਤ ਪਿਆਰ ਦਿੱਤਾ। ਆਪਣੇ ਨਵੇਂ ਗੀਤ "ਮੁੰਡਾ ਕਾਲੇ ਰੰਗ ਦਾ " ਲੈਕੇ ਤੁਹਾਡੇ ਸੇਵਾ ਦੇ ਵਿਚ ਹਾਜ਼ਿਰ ਹੋ ਰਹੇ ਹਨ। ਜਿਸਨੂੰ ਕਲਮਬੱਧ ਕੀਤਾ ਗਿਆ ਦੇਸਰਾਜ ਦੁਰਗਾਪੁਰੀ ਨੇ ਡਬਿੰਗ ਕੀਤੀ ਗਈ ਸੁਪਰ ਸੋਨਿਕ ਸਟੂਡਿਓ ਸੰਗੀਤ ਕੀਤਾ ਗਿਆ ਹਰਿ ਅਮਿਤ ਵੱਲੋਂ। ਇਹ ਗਾਣਾ ਮੁੰਡਾ ਕਾਲੇ ਰੰਗ ਦਾ ਡੀ ਡੀ ਪੰਜਾਬੀ ਦੂਰਦਰਸ਼ਨ ਜਲੰਧਰ ਕੇਂਦਰ 1 ਜਨਵਰੀ ਰਾਤ 8.30 ਵਜੇ ਤੋਂ ਲੇ ਕੇ 9.30 ਵਜੇ ਤੱਕ ਰੰਗਾ ਰੰਗ ਪ੍ਰੋਗਰਾਮ ਹੈਲੋ ਹੈਲੋ 2026 ਵਿੱਚ ਤੁਸੀ ਵੀ ਨਵੇਂ ਸਾਲ ਦਾ ਰੰਗਾ ਰੰਗ ਪ੍ਰੋਗਰਾਮ ਹੈਲੋ ਹੈਲੋ 2026 ਜੋ ਕਿ 1 ਜਨਵਰੀ 2026 ਰਾਤ 8:30 ਤੋ




ਲੈਕੇ 9:30 ਤੱਕ ਦੂਰਦਰਸ਼ਨ ਜਲੰਧਰ ਡੀ ਡੀ ਪੰਜਾਬੀ ਤੇ ਚਲੇਗਾ । ਪ੍ਰੋਗਰਾਮ ਵਿਚ ਕਲਾਕਾਰ ਆਪਣਾ ਗੀਤ ਲਗਵਾਉਣ ਲਈ, ਗੀਤਕਾਰ ਆਪਣਾ ਗੀਤ ਰਿਕਾਰਡ ਕਰਵਾਉਣ ਲਈ, ਸੰਗੀਤਕਾਰ, ਕਮੇਡੀਅਨ, ਕਲਾਕਾਰ ਕੁੜੀਆ ਮੁੰਡੇ, ਪੰਜਾਬੀ ਗਿੱਧਾ ਭੰਗੜਾ , ਵੈਸਟਰਨ ਡਾਂਸ ,ਸਪਾਂਸਰ, ਵੀਡੀਓ ਗੀਤ ਆਡੀਓ ਗੀਤ, ਸ਼ੋਰਟ ਫਿਲਮ, ਟੈਲੀ ਫਿਲਮ, ਫੀਚਰ ਫਿਲਮ ਸੋਸ਼ਲ ਮੀਡੀਆ ਸਾਈਟਾਂ ਤੇ ਰਿਲੀਜ਼, ਵੀਡੀਓ ਸ਼ੂਟ ਕਰਨ ਲਈ ਸੰਪਰਕ ਕਰ ਸਕਦੇ ਹੋ। ਨਿਰਮਾਤਾ ਪੂਜਾ ਸੱਭਰਵਾਲ 9781861698। ਨਿਰਦੇਸ਼ਕ ਅਮਰੀਕ ਮਾਇਕਲ 9872291206। ਬੈਨਰ ਅਨੁਰਾਗ ਪ੍ਰੋਡਕਸ਼ਨ॥ ਵਿਸ਼ੇਸ਼ ਜਾਣਕਾਰੀ:- ਕੇਵਲ ਅਨੁਰਾਗ ਪ੍ਰੋਡਕਸ਼ਨ ਦੇ ਨਿੱਜੀ ਨੰਬਰਾਂ ਤੇ ਹੀ ਸੰਪਰਕ ਕਰੋ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ "ਮਨੂੰਵਾਦ ਭਜਾਓ ਬੇਗਮਪੁਰਾ ਵਸਾਓ"ਮੁਹਿੰਮ ਤਹਿਤ ਤਹਿਸੀਲ ਪੱਧਰੀ ਕਾਨਫਰੰਸ 23 ਦਸੰਬਰ ਨੂੰ

**ਮੁਕੰਦਪੁਰ ( ਚਰਨਜੀਤ ਸੱਲ੍ਹਾਂ )** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸੂਬੇ ਵਿੱਚ ਚਲਾਈ ਜਾ ਰਹੀ "ਮਨੂੰਵਾਦ ਭਜਾਓ ਬੇਗਮਪੁਰਾ ਵਸਾਓ" ਮੁਹਿੰਮ ਤਹਿਤ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ / ਕਾਨਫਰੰਸਾਂ ਕਰਨ ਲਈ ਤਹਿਸੀਲ ਕਮੇਟੀ ਬੰਗਾ ਦੀ ਮੀਟਿੰਗ ਸੋਢੀ ਰਾਮ ਸਾਬਕਾ ਸਰਪੰਚ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਰਪਾਲ ਸਿੰਘ ਜਗਤਪੁਰ ਨੇ ਦੱਸਿਆ ਕਿ ਆਰ.ਐਸ.ਐਸ./ ਬੀ. ਜੇ.ਪੀ. ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਡਾ. ਭੀਮ ਰਾਓ ਅੰਬੇਡਕਰ ਦੇ ਨਿਰਮਤ ਸੰਵਿਧਾਨ ਨੂੰ ਖਤਮ ਕਰਨ ਅਤੇ ਮਨੂੰਵਾਦੀ ਵਿਵਸਥਾ ਕਾਇਮ ਕਰਨ ਦੀ ਲਗਾਤਾਰ ਸਾਜਿਸ਼ ਰਚੀ ਜਾ ਰਹੀ ਹੈ। ਜਿਸ ਨਾਲ ਲੋਕਤੰਤਰ ਅਤੇ ਭਾਈਚਾਰਕ ਏਕਤਾ ਲਈ ਵੱਡਾ



ਖਤਰਾ ਖੜ੍ਹਾ ਕੀਤਾ ਜਾ ਰਿਹਾ ਹੈ। ਇਸ ਖਤਰੇ ਤੋਂ ਆਮ ਲੋਕਾਂ ਨੂੰ ਸੁਚੇਤ ਕਰਨ ਲਈ "ਮਨੂੰਵਾਦ ਭਜਾਓ,ਬੇਗਮਪੁਰਾ ਵਸਾਓ" ਮੁਹਿੰਮ ਤਹਿਤ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਅਤੇ 23 ਦਸੰਬਰ ਨੂੰ ਜਗਤਪੁਰ ਵਿਖੇ ਕਾਨਫਰੰਸ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਕਾਰਪੋਰੇਟ ਪੱਖੀ ਚਾਰ ਕੋਡ ਲਾਗੂ ਕਰਨ ਅਤੇ ਬਿਜਲੀ ਬਿੱਲ 2025 ਰਾਹੀਂ ਆਮ ਲੋਕਾਂ ਦਾ ਗਲਾ ਘੁੱਟਣ ਅਤੇ ਕਾਰਪੋਰੇਟਾਂ ਨੂੰ ਖੁਸ਼ ਕਰਨ ਦੀਆਂ ਸਾਜਿਸ਼ਾਂ ਰਚ ਰਹੀ ਹੈ। ਇਸੇ ਤਰ੍ਹਾਂ ਚੰਡੀਗੜ੍ਹ ਨੂੰ ਕੇਂਦਰੀ ਸਾਸ਼ਤ ਪ੍ਰਦੇਸ਼ ਬਣਾਉਣ ਲਈ 131ਵੀਂ ਸੰਵਿਧਾਨਿਕ ਸੋਧ ਲਿਆਉਣ, ਪੰਜਾਬ ਯੂਨੀਵਰਸਿਟੀ ਅਤੇ ਪਾਣੀਆਂ 'ਤੇ ਪੰਜਾਬ ਦੇ ਹੱਕ ਤੋਂ ਮੁਨਕਰ ਹੋਇਆ ਜਾ ਰਿਹਾ ਹੈ। ਮੀਟਿੰਗ ਵਿੱਚ ਕੁਲਦੀਪ ਸਿੰਘ ਦੌੜਕਾ, ਹਰਪਾਲ ਸਿੰਘ ਜਗਤਪੁਰ, ਹਰੀ ਬਿਲਾਸ ਹੀਓ, ਮੋਹਣ ਸਿੰਘ ਪੂੰਨੀਆ, ਕੁਲਦੀਪ ਸਿੰਘ ਬੀਕਾ, ਕਰਨੈਲ ਚੰਦ,ਆਦਿ ਹਾਜ਼ਰ ਸਨ।

# ਪੁਸਤਕ " ਪੰਜਾਬ ਦਾ ਬੋਧੀ ਇਤਿਹਾਸ" ਦਾ ਟਾਈਟਲ ਜਾਰੀ



**ਜਲੰਧਰ( ਚਰਨਜੀਤ ਸੱਲ੍ਹਾਂ)** ਅੱਜ 06 ਦਸੰਬਰ 2025 ਨੂੰ ਅੰਬੇਡਕਰ ਭਵਨ ਜਲੰਧਰ ਵਿਖੇ, ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ 70 ਵੇਂ ਪਰਿਨਿਰਵਾਣ ਦਿਵਸ ਉਪਰ ਹੋਏ ਸ਼ਰਧਾਂਜਲੀ ਸਮਾਰੋਹ ਸਮੇਂ ਮੁੱਖ ਮਹਿਮਾਨ ਪ੍ਰੋ. (ਡਾ.) ਮਨਜੀਤ ਸਿੰਘ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਅੰਬੇਡਕਰ ਭਵਨ ਦੇ ਟਰੱਸਟੀਆਂ ਸਹਿਤ ਸਮੂਹਿਕ ਰੂਪ ਵਿੱਚ,ਮੇਰੀ ਪੁਸਤਕ " ਪੰਜਾਬ ਦਾ ਬੋਧੀ ਇਤਿਹਾਸ" ਦਾ ਟਾਈਟਲ ਜਾਰੀ ਕੀਤਾ। ਇਸ ਮੌਕੇ ਸ੍ਰੀ ਮੁਹਿੰਦਰ ਸੱਲਣ ਅਤੇ ਮੈਡਮ ਸੁਜਾਤਾ ਸੱਲਣ ( ਕਨੇਡਾ) ਉਚੇਚੇ ਤੌਰ ਉੱਤੇ ਹਾਜ਼ਰ ਸਨ। .... ਹਰਮੇਸ਼ ਜੱਸਲ

# ਪੰਜਾਬੀਅਤ ਅਤੇ ਦਸਤਾਰ ਦੀ ਸ਼ਾਨ ਨਾਲ ਖਿਲਵਾੜ ਬਰਦਾਸ਼ਤ ਨਹੀਂ: ਪੰਜਾਬ ਸੰਭਾਲੋ ਮਹਿਮ ਹੀ ਪੰਜਾਬੀ ਸੱਭਿਆਚਾਰ ਦੀ ਰਾਖੀ ਕਰ ਸਕਦੀ ਹੈ : ਡਾ. ਅਵਤਾਰ ਸਿੰਘ ਕਰੀਮਪੁਰੀ

**ਮਾਹਿਲਪੁਰ (ਚਰਨਜੀਤ ਸੱਲ੍ਹਾਂ )**ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਪ੍ਰਧਾਨ, ਸਾਬਕਾ ਰਾਜ ਸਭਾ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਪੰਜਾਬ ਸਰਕਾਰ ਦੀ ਸ਼ਹਿ ਤੇ ਸੱਤਾ ਦੇ ਨਸ਼ੇ ਚ ਚੂਰ ਹੋ ਕੇ ਪੱਗਾਂ ਲਾਹੁਣ ਦੀਆਂ ਵਾਪਰੀਆਂ ਘਟਨਾਵਾਂ ਅਤੇ ਇਸ ਮਾਮਲੇ 'ਤੇ ਸੱਤਾਧਾਰੀ ਪਾਰਟੀ ਦੇ ਇੱਕ ਵਿਧਾਇਕ ਵੱਲੋਂ ਦਿੱਤੇ ਗਏ ਬੇਹੱਦ ਗੈਰ-ਜ਼ਿੰਮੇਵਾਰਾਨਾ ਅਤੇ ਸੰਵੇਦਨਹੀਣ ਬਿਆਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।



ਡਾ. ਕਰੀਮਪੁਰੀ ਨੇ ਕਿਹਾ ਕਿ ਪੰਜਾਬ ਦੇ ਇੱਕ ਵਿਧਾਇਕ ਵੱਲੋਂ ਇਹ ਕਹਿਣਾ ਕਿ, "ਪੱਗਾਂ ਵਿੱਚ ਕਿੱਲ ਨਹੀਂ ਗੱਡੇ ਹੁੰਦੇ... ਪੱਗਾਂ ਲਹਿ ਜਾਂਦੀਆਂ ਹਨ, ਆਪਣੀ-ਆਪਣੀ ਪਛਾਣ ਕੇ ਲੈ ਜਾਓ," ਨਾ ਸਿਰਫ਼ ਪੰਜਾਬ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਂਦਾ ਹੈ, ਬਲਕਿ ਇਹ ਦਰਸਾਉਂਦਾ ਹੈ ਕਿ ਸੱਤਾਧਾਰੀ ਪਾਰਟੀ ਦੇ ਆਗੂਆਂ ਦੇ ਮਨ ਵਿੱਚ ਦਸਤਾਰ ਦੀ ਪਵਿੱਤਰਤਾ ਅਤੇ ਪੰਜਾਬੀ ਅਣਖ ਲਈ ਕਿੰਨਾ ਕੁ ਮਾਣ ਹੈ। ਇਹ ਬਿਆਨ ਵਿਧਾਇਕ ਦੀ ਗੰਭੀਰ ਸਿਆਸੀ ਨਾਸਮਝੀ ਦਾ ਪ੍ਰਤੀਕ ਹੈ।

ਪੱਗ ਦੀ ਅਹਿਮੀਅਤ: ਡਾ. ਕਰੀਮਪੁਰੀ ਨੇ ਜ਼ੋਰ ਦੇ ਕੇ ਕਿਹਾ, "ਪੱਗ ਜਾਂ ਦਸਤਾਰ ਸਿਰਫ਼ ਕੱਪੜੇ ਦਾ ਇੱਕ ਟੁਕੜਾ ਨਹੀਂ ਹੈ, ਇਹ ਪੰਜਾਬੀਅਤ ਦੀ ਸ਼ਾਨ, ਗੈਰਤ ਅਤੇ ਅਣਖ ਦਾ ਪ੍ਰਤੀਕ ਹੈ, ਇਹ ਸਿੱਖ ਕੌਮ ਸਮੇਤ ਸਮੁੱਚੇ ਪੰਜਾਬੀਆਂ ਦੇ ਆਤਮ-ਸਨਮਾਨ ਅਤੇ ਸੱਭਿਆਚਾਰਕ ਪਛਾਣ ਦੀ ਨਿਸ਼ਾਨੀ ਹੈ। ਇਸ ਦੀ ਤੁਲਨਾ ਕਿਸੇ ਆਮ ਚੀਜ਼ ਨਾਲ ਕਰਕੇ ਇਸ ਦਾ ਮਜ਼ਾਕ ਉਡਾਉਣਾ ਅਤੇ ਇਹ ਕਹਿਣਾ ਕਿ ਇਹ 'ਲਹਿ ਜਾਂਦੀ ਹੈ,' ਇੱਕ ਘਿਣਾਉਣੀ ਰਾਜਨੀਤੀ ਹੈ।"

**ਬਸਪਾ ਦੀ ਮੰਗ ਅਤੇ ਚੇਤਾਵਨੀ:** ਤੁਰੰਤ ਮੁਆਫ਼ੀ ਦੀ ਮੰਗ: ਡਾ. ਕਰੀਮਪੁਰੀ ਨੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਉਹ ਇਸ ਵਿਧਾਇਕ ਨੂੰ ਤੁਰੰਤ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਲਈ ਕਹਿਣ ਅਤੇ ਪਾਰਟੀ ਇਸ ਵਿਧਾਇਕ ਖਿਲਾਫ਼ ਸਖ਼ਤ ਅਨੁਸ਼ਾਸਨੀ ਕਾਰਵਾਈ ਕਰੇ।

ਪੁਲਿਸ ਨੂੰ ਚੇਤਾਵਨੀ: ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਹਰ ਪੰਜਾਬੀ ਦੇ ਸਨਮਾਨ ਦੀ ਰਾਖੀ ਕਰਨ ਲਈ ਵਚਨਬੱਧ ਹੈ, ਨਾ ਕਿ ਉਨ੍ਹਾਂ ਦੀ ਬੇਇੱਜ਼ਤੀ ਕਰਨ ਲਈ। ਪੁਲਿਸ ਵੱਲੋਂ ਦਸਤਾਰਾਂ ਦੀ ਬੇਅਦਬੀ ਕਰਨ ਵਾਲੇ ਅਧਿਕਾਰੀਆਂ ਖਿਲਾਫ਼ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

**ਜਨਤਾ ਨੂੰ ਅਪੀਲ:** ਡਾ. ਕਰੀਮਪੁਰੀ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਪੰਜਾਬੀਅਤ ਦੇ ਮਾਣ-ਸਨਮਾਨ ਨੂੰ ਲਤਾੜਨ ਵਾਲੀਆਂ ਪਾਰਟੀਆਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਸਬਕ ਸਿਖਾਉਣ।

ਡਾ. ਕਰੀਮਪੁਰੀ ਨੇ ਸਪੱਸ਼ਟ ਕੀਤਾ ਕਿ ਬਹੁਜਨ ਸਮਾਜ ਪਾਰਟੀ ਪੰਜਾਬੀ ਸੱਭਿਆਚਾਰ, ਪਛਾਣ ਅਤੇ ਦਸਤਾਰ ਦੀ ਸ਼ਾਨ 'ਤੇ ਕਿਸੇ ਵੀ ਤਰ੍ਹਾਂ ਦੇ ਹਮਲੇ ਨੂੰ ਬਰਦਾਸ਼ਤ ਨਹੀਂ ਕਰੇਗੀ ਅਤੇ ਪੰਜਾਬੀਅਤ ਦੇ ਸਵੈਮਾਨ ਦੀ ਲੜਾਈ ਹਮੇਸ਼ਾ ਲੜਦੀ ਰਹੇਗੀ ਡਾਕਟਰ ਕਰੀਮਪੁਰੀ ਨੇ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਨਾਲ ਜੁੜੋ ਤਾਂ ਕਿ ਪੰਜਾਬੀ ਸੱਭਿਆਚਾਰ ਦੀ ਸ਼ਾਨ ਕਾਇਮ ਕੀਤੀ ਜਾ ਸਕੇ।

# ਸਰਪੰਚ ਸਾਹਲੋਂ ਵਲੋਂ "ਡਾਕਟਰ ਅੰਬੇਡਕਰ ਭਵਨ" ਦੀ ਉਸਾਰੀ ਲਈ ਇੱਕ ਲੱਖ ਦੀ ਸਹਾਇਤਾ

**ਬੰਗਾ (ਚਰਨਜੀਤ ਸੱਲ੍ਹਾਂ )** ਭਾਰਤੀ ਸੰਵਿਧਾਨ ਦੇ ਨਿਰਮਾਤਾ ਵਿਸ਼ਵ ਰਤਨ ਤੇ ਸਿੰਬਲ ਆਫ ਨਾਲਜ਼ ਬਾਬਾ ਸਾਹਿਬ ਡਾਕਟਰ ਬੀ ਆਰ ਅੰਬੇਡਕਰ ਸਾਹਿਬ ਜੀ ਦੀ ਯਾਦ ਨੂੰ ਸਮਰਪਿਤ ਪਿੰਡ ਸਾਹਲੋਂ ਵਿਖੇ ਬਣ ਰਹੇ "ਡਾਕਟਰ ਅੰਬੇਡਕਰ ਭਵਨ"ਦੀ ਉਸਾਰੀ ਲਈ ਪਿੰਡ ਦੇ ਸਰਪੰਚ ਹਰਮੇਸ਼ ਭਾਰਤੀ ਨੇ ਆਪਣੇ ਪਿਤਾ ਸ਼੍ਰੀ ਅਜੀਤ ਰਾਮ ਤੇ ਮਾਤਾ ਸ਼੍ਰੀਮਤੀ ਸਿਮਰ ਕੌਰ ਜੀ ਦੀ ਸਦੀਵੀਂ ਯਾਦ ਵਿੱਚ 'ਇੱਕ ਲੱਖ ਰੁਪਏ' ਦੀ ਸਹਾਇਤਾ ਦੇਣ ਦੀ ਘੋਸ਼ਣਾ ਕੀਤੀ ਹੈ। ਇਸ ਮੌਕੇ ਉਹਨਾਂ ਕਿਹਾ ਕਿ ਇਹ ਭਵਨ ਗਰੀਬਾਂ ਤੇ ਲੋੜਵੰਦ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ ਇੱਥੇ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਤੇ ਪਰਿਵਾਰਕ ਸਮਾਗਮ ਹੋ ਹੋਣਗੇ ਤੇ ਗਰੀਬ ਲੋਕ ਪੈਲਸਾਂ ਦੇ ਵੱਡੇ ਖਰਚਿਆਂ ਤੋਂ ਬਚ ਸਕਣਗੇ। ਬਣਨ ਵਾਲੇ ਇਸ 3000 ਸਕੇਅਰ ਫੁੱਟ ਵਾਲੇ ਹਾਲ, ਕਿਚਨ ਤੇ



ਵਾਸ਼ਰੂਮਾਂ ਆਦਿ 'ਤੇ 45 ਤੋਂ 50 ਲੱਖ ਰੁਪਏ ਦਾ ਖਰਚਾ ਆਵੇਗਾ। ਇਸ ਭਵਨ ਦੀਆਂ ਸੇਵਾਵਾਂ ਦਾ ਲਾਭ ਪਿੰਡ ਹੀ ਨਹੀਂ ਬਲਕਿ ਦੂਸਰੇ ਪਿੰਡਾਂ ਦੇ ਜ਼ਰੂਰਤਮੰਦ ਲੋਕ ਵੀ ਲੈ ਸਕਣਗੇ। ਇਸ ਭਵਨ ਦਾ ਨੀਂਹ ਪੱਥਰ ਬੰਗਾ ਦੇ ਵਿਧਾਇਕ ਤੇ ਚੇਅਰਮੈਨ ਕਨਵੇਅਰ (ਕੈਬਨਿਟ ਰੈਂਕ ਪੰਜਾਬ) ਡਾ. ਸੁਖਵਿੰਦਰ ਸੁੱਖੀ ਜੀ ਨੇ ਰੱਖਿਆ ਸੀ। ਐਲਾਨ ਕੀਤੀ ਦਸ ਲੱਖ ਦੀ ਰਾਸ਼ੀ ਵਿੱਚੋਂ ਤਿੰਨ ਲੱਖ ਦੀ ਪਹਿਲੀ ਕਿਸ਼ਤ ਪੰਚਾਇਤ ਕੋਲ ਪਹੁੰਚ ਚੁੱਕੀ ਹੈ ਬਾਕੀ ਰਹਿੰਦੀ ਰਾਸ਼ੀ ਵੀ ਜਲਦੀ ਮਿਲਣ ਦੀ ਉਮੀਦ ਹੈ। ਪੰਜ ਲੱਖ ਰੁਪਏ ਐਮ ਪੀ ਸਰਦਾਰ ਮਲਵਿੰਦਰ ਸਿੰਘ ਕੰਗ ਜੀ ਵਲੋਂ ਵੀ ਘੋਸ਼ਿਤ ਕੀਤਾ ਗਿਆ ਹੈ ਜੋ ਜਲਦੀ ਹੀ ਪੰਚਾਇਤ ਕੋਲ ਪਹੁੰਚ ਜਾਵੇਗਾ।ਇਸ ਭਵਨ ਨੂੰ ਨੇਪਰੇ ਚਾੜ੍ਹਨ ਲਈ ਦਾਨੀ ਵੀਰਾਂ ਦੇ ਸਹਿਯੋਗ ਦੀ ਵੀ ਬਹੁਤ ਲੋੜ ਹੈ। ਸਾਰੇ ਵੀਰਾਂ ਨੂੰ ਇਸ ਮਹਾਨ ਕਾਰਜ ਵਿੱਚ ਹਿੱਸਾ ਪਾਉਂਣ ਦੀ ਅਪੀਲ ਕੀਤੀ ਜਾਂਦੀ ਹੈ ਜੀ।

## ਮੋਹ ਮਾਇਆ

ਚਾਰ ਦਿਨਾਂ ਦੀ ਇਹ ਜਿੰਦਗਾਨੀ
ਫਿਰ ਕਿਓ ਪਾਉਨਾ ਗਿੰਦਿਆ ਰੌਲਾ ।

ਸਾਰੇ ਦਾ ਸਾਰਾ ਕੁਝ ਇੱਥੇ ਰਹਿ ਜਾਣਾ
ਫਿਰ ਕਿਓ ਕਰਦਾ ਦਿਲ ਆਪਣੇ ਨੂੰ ਤੂੰ ਹੌਲਾ।

ਤਮਹਾ ਬੰਦੇ ਦੀ ਕਦੇ ਨਹੀਂ ਭਰਦੀ
ਭਾਵੇਂ ਸਾਰੀ ਦੁਨੀਆ ਦੀ ਦੌਲਤ ਤੂੰ ਪਾ ਲਾ।

ਇੱਕ ਸੂਈ ਤੂੰ ਨਾਲ ਨਹੀਂ ਲੈ ਕੇ ਜਾ ਸਕਦਾ
ਜਿੰਨਾ ਤੈਥੋਂ ਜ਼ੋਰ ਲੱਗਦਾ ਭਾਵੇਂ ਤੂੰ ਲਾ ਲਾ।

ਪਤਾ ਹੋਣ ਦੇ ਬਾਵਜੂਦ ਵੀ ਤੂੰ ਮਾਰੇ ਠੱਗੀਆਂ
ਛੱਡ ਕੇ ਪੁੱਠਿਆਂ ਕੰਮਾਂ ਤਾਈਂ,ਉਸ ਡਾਢੇ ਨੂੰ ਧਿਆਲਾ।

ਮਾੜਿਆਂ ਕੰਮਾਂ ਦੇ ਵਿੱਚ ਕੁਝ ਨਹੀਂ ਰੱਖਿਆ
ਜੇ ਤੈਨੂੰ ਸਮਝ ਨਹੀਂ ਪੈਂਦੀ ਹੀਰੇ ਵਰਗਾ ਜਨਮ ਗਵਾਲਾ।



**ਗੁਰਜਿੰਦਰ ਸਿੰਘ ਸਿੱਧੂ**
**ਪਿੰਡ ਖਿੱਚੀਆਂ**
**ਜ਼ਿਲਾ ਗੁਰਦਾਸਪੁਰ**
**ਫੋਨ 062393 31711**

## ਓਹੀ ਜਾਣੇ ਜੋ ਹੰਢਾਵੇ

ਓਹੀ ਜਾਣੇ ਜੋ ਹੰਢਾਵੇ,
ਦੁੱਖਾਂ ਦੀਆਂ ਰਾਤਾਂ ਕਿੰਨੀਆਂ ਲੰਮੀਆਂ ਹੁੰਦੀਆਂ ਨੇ,
ਲੋਕ ਤਾਂ ਕਹਿੰਦੇ ਨੇ "ਸਭ ਠੀਕ ਹੋ ਜੂ",
ਪਰ ਅੰਦਰਲੇ ਸਹਿਮੇ ਖ਼ੁਆਬ ਕਿਸ ਨੂੰ ਦਿੱਸਦੇ ਨੇ?

ਓਹੀ ਜਾਣੇ ਜੋ ਪੀੜ ਹੰਢਾਵੇ,
ਮੁਸਕਾਨਾਂ ਦੇ ਪਿੱਛੇ ਕਿਹੜੇ ਦਰਦ ਲੁਕਦੇ ਨੇ,
ਦੁਨੀਆ ਤਾਂ ਹੱਸਣ ਨੂੰ ਸਿਫ਼ਤ ਕਰਦੀ ਏ,
ਦਿਲ ਦੀ ਚੁੱਪ ਨੂੰ ਕੌਣ ਸਮਝਦਾ ਏ?

ਹਰ ਸੱਟ ਨਹੀਂ ਦਿੱਖਦੀ ਅੱਖੀਂ,
ਹਰ ਚੋਟ ਦੀ ਆਵਾਜ਼ ਨਹੀਂ ਹੁੰਦੀ,
ਕਈ ਜੰਗਾਂ ਤਾਂ ਅੰਦਰ ਹੀ ਲੜੀਆਂ ਜਾਂਦੀਆਂ ਨੇ,
ਉਥੇ ਨਾ ਕੋਈ ਤਮਗਾ, ਨਾ ਜਿੱਤ ਦੀ ਘੋਸ਼ਣਾ ਹੁੰਦੀ।

ਲੋਕ ਗੱਲਾਂ ਕਰਦੇ ਨੇ ਹਵਾਵਾਂ ਵਰਗੀਆਂ,
ਕਿੱਧਰੋਂ ਆਉਣ, ਕਿੱਥੇ ਮੁੱਕ ਜਾਣ,
ਪਰ ਦਰਦ ਦੀ ਧਰਤੀ 'ਤੇ ਜਿਹੜਾ ਤੁਰਦਾ ਏ,
ਉਹੀ ਜਾਣਦਾ ਏ, ਕਿੰਨਾ ਔਖਾ ਹੁੰਦਾ ਏ ਖੜ੍ਹਿਆ ਰਹਿਣ।

ਇਸ ਲਈ ਚੁੱਪ ਦੇ ਵਜ਼ਨ ਨੂੰ ਹਲਕਾ ਨਾ ਸਮਝੀਓ,
ਹਰ ਖਾਮੋਸ਼ੀ ਕਮਜ਼ੋਰੀ ਨਹੀਂ ਹੁੰਦੀ,
ਕਈ ਵਾਰ ਚੁੱਪ ਹੀ ਉਹ ਚੀਖ ਹੁੰਦੀ ਏ,
ਜੋ ਸ਼ੋਰ ਨਾਲੋਂ ਵੀ ਡੂੰਘੀ ਹੁੰਦੀ।



**ਬੇਅੰਤ ਕੌਰ ਸਿੱਧੂ**
**ਬਰਨਾਲਾ।**

## ਭੇੜੀਏ

ਇਨਸਾਨਾਂ ਦੇ ਭੇਸ਼ ਵਿਚ ਲੁੱਕੇ
ਭੇੜੀਏ ਲੱਭਣੇ ਪੈਣੇ ਆ
ਤੇਜ਼ ਕਟਾਰੀ ਨਾਲ ਇਹ ਕੁੱਤੇ
ਵੱਡਣੇ ਪੈਣੇ ਆ
ਵੱਡੀ ਉਮਰ ਵਿੱਚ ਆਕੇ ਅੱਜ
ਝੱਲ ਖਿਲਾਰਤੀ
ਕੱਚੀ ਉਮਰ ਵਿੱਚ ਕੱਚ ਵਰਗੀ
ਧੀ, ਇੱਕ ਪਾਪੀ ਨੇ ਮਾਰਤੀ

ਨਾ ਰਿਹਾ ਭਰੋਸਾ ਰੱਬ ਉਤੇ
ਨਾਹੀਂ ਪ੍ਰਸ਼ਾਸਨ ਤੇ
ਕਿਸੇ ਲੀਡਰ ਵਲੋਂ ਦਿੱਤੇ ਹੋਏ
ਕਿਸੇ ਵੱਡੇ ਭਾਸ਼ਣ ਤੇ
ਫੜ੍ਹ ਕਾਗਜ਼ ਦੀ ਕਿਸ਼ਤੀ ਸਾਗ਼ਰ
ਵਿੱਚ ਤਾਰਤੀ
ਕੱਚੀ ਉਮਰ ਵਿੱਚ ਕੱਚ ਵਰਗੀ
ਧੀ, ਇੱਕ ਪਾਪੀ ਨੇ ਮਾਰਤੀ

ਘੁਣ ਲੱਗ ਗਿਆ ਲੱਗਦਾ ਲੋਕਾਂ
ਦੀਆਂ ਸੋਚਾਂ ਨੂੰ
ਗੁਰਮੀਤ ਚੁਰਾਹੇ ਵੱਢਣਾ ਪਓ
ਇਹੋ ਜਹੀਆਂ ਜੋਕਾਂ ਨੂੰ
ਕਿੰਨੀਆਂ ਧੀਆ ਨੇ ਪਾਪੀਆਂ
ਮੂਹਰੇ ਜ਼ਿੰਦਗੀ ਹਾਰਤੀ
ਕੱਚੀ ਉਮਰ ਵਿੱਚ ਕੱਚ ਵਰਗੀ
ਧੀ, ਇੱਕ ਪਾਪੀ ਨੇ ਮਾਰਤੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**



# ਖ਼ੂਨਦਾਨ ਕੈਂਪ ਲਗਾਉਣਾ ਹੀ ਇਨਸਾਨੀਅਤ ਦਾ ਭਲਾ ਕਰਨਾ ਹੈ : ਡਾ ਨਛੱਤਰ ਪਾਲ ਐਮ ਐਲ ਏ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਸੰਵਿਧਾਨ ਨਿਰਮਾਤਾ ਭਾਰਤ ਰਤਨ ਡਾ.ਬੀ.ਆਰ.ਅੰਬੇਡਕਰ ਸਾਹਿਬ ਜੀ ਦੇ ਪ੍ਰੀ-ਨਿਰਵਾਣ ਦਿਵਸ ਤੇ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵਲੋਂ ਸ੍ਰੀ ਗੁਰੂ ਰਵਿਦਾਸ ਮੰਦਿਰ ਨਵਾਂਸ਼ਹਿਰ ਵਿਖੇ ਲਗਾਏ ਗਏ ਦੂਸਰੇ ਖੂਨਦਾਨ ਕੈਂਪ ਵਿੱਚ ਖੂਨਦਾਨ ਕਰਨ ਸਮੇਂ ਤੁਹਾਡਾ ਆਪਣਾ ਗਾਇਕ ਤੇ ਸੰਸਥਾ ਪ੍ਰਧਾਨ ਰਾਜ ਦਦਰਾਲ ਅਤੇ ਗਾਇਕ ਤੇ ਸੰਸਥਾ ਖਜ਼ਾਨਚੀ ਜਗਦੀਸ਼ ਜਾਡਲਾ ਜੀ ਖੂਨਦਾਨ ਕੈਂਪ ਦੀ ਸ਼ੁਰੂਆਤ ਕਰਾਉਣ ਮੌਕੇ ਲ਼ਿਅ ਡਾ.ਨਛੱਤਰ ਪਾਲ ਜੀ ਨਵਾਂਸ਼ਹਿਰ ਨੇ ਕਿਹਾ ਕਿ ਖੂਨਦਾਨ ਕੈਂਪ ਲਗਾਉਣ ਦੀਆਂ ਵਧਾਈਆਂ ਹੋਣ ਅਤੇ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਮੌਕੇ ਤੇ ਇਸ ਤਰ੍ਹਾਂ ਦੇ ਇਨਸਾਨੀਅਤ ਦੀ ਭਲਾਈ ਲਈ ਕਾਰਜ ਕਰਨੇ ਬਹੁਤ ਬਹਾਦਰੀ ਦਾ ਕੰਮ ਹੈ। ਇਸ ਮੌਕੇ ਤੇ ਸਤਿਕਾਰ ਯੋਗ ਡੀ.ਐਸ.ਪੀ ਰਾਜ ਕੁਮਾਰ ਜੀ ਨਵਾਂਸ਼ਹਿਰ ਜ਼ਿਲ੍ਹਾ ਪ੍ਰਧਾਨ ਸਰਬਜੀਤ ਜਾਫਰਪੁਰ ਜੀ,ਐਡਵੋਕੇਟ ਮੁਕੇਸ਼ ਬਾਲੀ ਜੀ ਅਤੇ ਸੁਰ-ਸੰਗੀਤ ਸੰਸਥਾ ਦੀ ਸਮੁੱਚੀ ਟੀਮ ਹਾਜ਼ਰ ਸੀ।



# ਗੀਤ 'ਜਾਮ ਹੰਝੂਆਂ ਦਾ' ਜਲਦ ਹੋਵੇਗਾ ਰਿਲੀਜ

**ਰਮੇਸ਼ਵਰ ਸਿੰਘ**

ਬਹੁਤ ਜਲਦ ਹੀ ਗੀਤਕਾਰ ਸ਼ੇਰਗਿੱਲ ਨੇਕ ਉਰਫ਼ ਨੇਕ ਨਿਮਾਣਾਂ। ਆਪ ਜੀ ਦੇ ਸਨਮੁੱਖ ਹੋਵੇਗਾ ਗੀਤ 'ਜਾਮ ਹੰਝੂਆਂ ਦਾ' ਲੈ ਕੇ ਸਾਨੂੰ ਉਮੀਦ ਹੈ ਕਿ ਜਾਮ ਹੰਝੂਆਂ ਦਾ ਗੀਤ ਬੇਹੱਦ ਪਸੰਦ ਆਵੇਗਾ ਇਸ ਲਈ ਸਾਡੇ ਬੁਹਤ ਹੀ ਪਿਆਰੇ ਮਿੱਤਰ ਸੁਰਿੰਦਰ ਜੱਕੋਪੁਰੀ ਜੀ ਦਾ ਬਹੁਤ ਵੱਡਾ ਯੋਗਦਾਨ ਹੈ ਗੀਤ ਤਿਆਰ ਕਰਵਾਉਣ ਲਈ , ਅਤੇ ਸਰਦਾਰ ਜਸਵਿੰਦਰ ਸਿੰਘ ਜ਼ੀਰਕਪੁਰ ਸਲਾਹਕਾਰ ਵਜੋਂ ਕਾਫੀ ਯੋਗਦਾਨ ਦਿੱਤਾ ਹੈ,ਅਤੇ ਸਾਡੇ ਵੀਰ ਸਰਬਜੀਤ ਸਿੰਘ ਫ਼ੌਜੀ ਵੱਲੋਂ ਕਾਫੀ ਯੋਗਦਾਨ ਹੈ ਆਖਿਰ ਵਿੱਚ ਸਾਡੀ ਭੈਣ ਕੁਲਵਿੰਦਰ ਸਰਘੀ ਵੀ ਇਸ ਗੀਤ ਲਈ ਸਹਿਯੋਗੀ ਰਹੇ ਹਨ,ਤੁਸੀਂ ਇਸ ਗੀਤ ਨੂੰ ਜਦ ਵੀ ਸੁਣੋਗੇ ਤਾਂ ਖੁਦ ਪ੍ਰਮੋਟਰ ਕਰਨ ਲਈ ਮਜਬੂਰ ਹੋਵੋਗੇ ਅਤੇ ਮੱਣਾਂਮੂੰਹੀ ਪਿਆਰ ਬਖਸ਼ਿਸ਼ ਕਰੋਗੇ।




# ਪਠਲਾਵਾ ਸੰਸਥਾ ਦੇ ਬਾਨੀ ਸਰਪ੍ਰਸਤ ਸਵ. ਸ. ਮਹਿੰਦਰ ਸਿੰਘ ਵਾਰੀਆ ਜੀ ਦੀ ਪੰਦਰਵੀਂ ਬਰਸੀ ਤੇ ਗੁਰਮਤਿ ਸਮਾਗਮ



**ਬੰਗਾ( ਚਰਨਜੀਤ ਸੱਲ੍ਹਾਂ)** ਉੱਘੇ ਸਮਾਜ ਸੇਵੀ, ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਬਾਨੀ ਸਰਪ੍ਰਸਤ ਸਵ ਸ ਮਹਿੰਦਰ ਸਿੰਘ ਵਾਰੀਆ ਜੀ ਦੀ ਪੰਦਰਵੀ ਬਰਸੀ ਸਮੂਹ ਵਾਰੀਆ ਪਰਿਵਾਰ,ਅਤੇ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਸਾਂਝੇ ਤੌਰ ਤੇ ਮਨਾਉਣ ਹਿੱਤ ਗੁਰ-ਮਤਿ ਸਮਾਗਮ ਕਰਵਾਇਆ ਗਿਆ। ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਉਪਰੰਤ ਭਾਈ ਸਹਿਬ ਭਾਈ ਅਮਰੀਕ ਸਿੰਘ ,ਭਾਈ ਹਰਦੀਪ ਸਿੰਘ ਅਤੇ ਭਾਈ ਦਲਜਿੰਦਰ ਸਿੰਘ ਝਿੱਕਾ ਦੇ ਜਥੇ ਵਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕਰਵਾਇਆ ਗਿਆ , ਉਪਰੰਤ ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੈਂਬਰ ਐਸ ਜੀ ਪੀ ਸੀ,ਅਤੇ ਮੁੱਖ ਬੁਲ-ਾਰੇ ਇੰਟਰਨੈਸ਼ਨਲ ਪੰਥਕ ਦਲ ਵਲੋਂ ਗੁਰਮਿਤ ਦੀ ਸਾਂਝ ਪਾਉਂਦਿਆਂ ਸਵ ਸ ਮਹਿੰਦਰ ਸਿੰਘ ਵਾਰੀਆ ਜੀ ਵਲੋਂ ਕੀਤੇ ਸਮਾਜ ਸੇਵੀ ਕਾਰਜਾਂ ਦੀ ਗੱਲ ਕਰਦਿਆਂ ਆਖਿਆ ਕਿ ਇਨਸਾਨੀਅਤ ਦੀ ਸੇਵਾ ਭਾਗਾਂ ਵਾਲਿਆਂ ਨੂੰ ਮਿਲਦੀ ਹੈ। ਸੰਸਥਾ ਦੇ ਧਾਰਮਿਕ ਵਿੰਗ ਦੇ ਮੁਖੀ ਜਥੇਦਾਰ ਸਵਰਨਜੀਤ ਸਿੰਘ ਪਠਲਾਵਾ ਅਤੇ ਲੈਕਚਰਾਰ ਤਰਸੇਮ ਪਠਲਾਵਾ ਮੁੱਖ ਬੁਲਾਰੇ ਸੰਸਥਾ ਵਲੋਂ ਸਵ ਸ ਮਹਿੰਦਰ ਸਿੰਘ ਵਾਰੀਆ ਨੂੰ ਯਾਦ ਕਰਦਿਆਂ ਆਖਿਆ ਲੋਕ ਸੇਵਾ ਦਾ ਜ਼ਜ਼ਬਾ ਅਤੇ ਇਨਸਾਨੀਅਤ ਪ੍ਰਤੀ ਸਮਰਪਿਤ ਦੀ ਭਾਵਨਾ ਉਹਨਾਂ ਵਿਚ ਮਣਾਮੂਈ ਭਰੀ ਹੋਈ ਸੀ। ਬੁਲਾਰਿਆਂ ਨੇਂ ਆਖਿਆ ਕਿ ਤੇਰਾ ਸਾਲਾਂ ਦੇ ਸਮੇਂ ਵਿਚ ਸ ਵਾਰੀਆ ਵਲੋਂ ਬਤੌਰ ਸਰਪ੍ਰਸਤ ਦੀ ਜ਼ਿਮੇਂਦਾਰੀ ਨੂੰ ਬੁਹਤ ਹੀ ਸਫ਼ਲਤਾਪੂਰਵਕ ਲਿਹਾਜ਼ ਨਾਲ ਨੇਪਰੇ ਚਾੜ੍ਹਿਆ। ਇਸ ਅਵਸਰ ਤੇ ਯੂਨੀਕ ਹੋਮ ਜਲੰਧਰ ਦੇ ਮੁੱਖ ਸੰਚਾਲਿਕ ਪਦਮਸ਼੍ਰੀ ਮਾਤਾ ਪ੍ਰਕਾਸ਼ ਕੌਰ ਜੀ ਅਤੇ ਭਾਈ ਘਨ੍ਹਈਆ ਜੀ ਚੈਰੀਟੇਬਲ ਟਰੱਸਟ ਜਲੰਧਰ ਦੇ ਟਰੱਸਟੀਆਂ ਦਾ ਸਨਮਾਨ ਕੀਤਾ ਗਿਆ। ਇਸ ਤੋਂ ਬਾਅਦ ਡੇਰਾ ਬਾਬਾ ਨਾਨਕ ਜ਼ਿਲਾ ਗੁਰਦ-ਾਸਪੁਰ ਵਿਖੇ ਹੜਾਂ ਦੀ ਤ੍ਰਾਸਦੀ ਨਾਲ ਜੂਝਦੇ ਲੋਕਾਂ ਦੀ ਜ਼ਿੰਦਗੀਆ ਨੂੰ ਬਚਾਉਣ, ਭੁੱਖੇ ਪਿਆਸੇ ਲੋਕਾਂ ਨੂੰ ਰਾਸ਼ਣ ਪੁਚਾਉਣ ਅਤੇ ਗਰੀਬ ਪਰਿਵਾਰਾਂ ਦੇ ਢੱਠੇ ਮਕਾਨਾਂ ਨੂੰ ਬਨਾਉਣ ਵਿਚ ਸੰਸਥਾ ਲਈ ਸਹਿਯੋਗ ਕਰਨ ਵਾਲੇ ਸ ਜਤਿੰਦਰ ਸਿੰਘ ਲਾਡੀ,ਲਾਡੀ ਗਰੁੱਪ ,ਸਭ ਦਾ ਭਲਾ ਚੈਰੀਟੇਬਲ ਹਸਪਤਾਲ ਸ਼ਿਕਾਰ ਮਾਛੀਆਂ ਦਾ ਵੀ ਸੰਸਥਾ ਵਲੋਂ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸ ਸਤਨਾਮ ਸਿੰਘ ਆਸਟ੍ਰੇਲੀਆ ਅਤੇ ਇਸ ਸਤਨਾਮ ਸਿੰਘ ਸੁਜੋਂ ਨੂੰ ਵੀ ਇਨਸਾਨੀਅਤ ਦੇ ਭਲੇ ਲਈ ਕੰਮ ਕਰਨ ਤੇ ਸਨਮਾਨਿਤ ਕੀਤਾ ਗਿਆ ਇਸ ਅਵਸਰ ਤੇ ਸਿਖ ਬੁਧੀਜੀਵੀ ਤੇ ਲੇਖਕ ਸ ਗੁਰਵੀਰ ਸਿੰਘ ਬਰਾੜ ਸਪੁੱਤਰ ਸ ਗੁਰ-ਦੇਵ ਸਿੰਘ ਬਰਾੜ ਸਾਬਕਾ ਆਈ ਏ ਐਸ ਨੂੰ ਵੀ ਸਨਮਾਨਿਤ ਕੀਤਾ ਗਿਆਹੋਰਨਾ ਤੋ ਇਲਾਵਾ ਸੰਸਥਾ ਦੇ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ,ਕਾਰਜ ਪ੍ਰਧਾਨ ਸ ਬਲਵੀਰ ਸਿੰਘ ਉਪ ਚੇਅਰਮੈਨ ਸ ਅਮਰਜੀਤ ਸਿੰਘ ਸੂਰਾਪੁਰ, ਸੰਦੀਪ ਕੁਮਾਰ ਗੌੜ ਪ੍ਰੋ ਚਰਨਜੀਤ ਸਿੰਘ ਪੋਸੀ,ਉਪ ਪ੍ਰਧਾਨ ਸ੍ਰੀ ਸਤੀਸ਼ ਕੁਮਾਰ ਐਮਾਂ ਜਟਾਂ,ਮਾਂ ਰਮੇਸ਼ ਕੁਮਾਰ ਪਠਲਾਵਾ,ਡਾ ਕੁਲਦੀਪ ਰਾਜ ਬੰਗਾ, ਸ ਗੁਰਦੇਵ ਸਿੰਘ ਬੰਗਾ ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ, ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ,ਜੀ ਚੰਨੀ ਪਠਲਾਵਾ,ਸ ਸੇਵਾ ਸਿੰਘ ਪਠਲਾਵਾ , ਕੈਂਪ ਜੋਗਾ ਸਿੰਘ,ਡਾ ਮਾਨਵਦੀਪ ਸਿੰਘ ਬੈਂਸ ,ਡਾ ਪਰਮਿੰਦਰ ਸਿੰਘ ਵਾਰੀਆ, ਕੁਲਦੀਪ ਸਿੰਘ ਪੀਜ਼ਾ ਹੌਟ ਸ ਦਿਲਾਵਰ ਸਿੰਘ ਬੈਂਸ ਸਰਪੰਚ ਪਠਲਾਵਾ, ਸਾਬਕਾ ਸਰਪੰਚ ਸ ਹਰਪਾਲ ਸਿੰਘ,ਸ ਅਵਤਾਰ ਸਿੰਘ ਸਾਬਕਾ ਸਰਪੰਚ ਪਠਲਾਵਾ,ਸ ਜਗਤ ਵਿਚ ਸਾਬਕਾ ਸਰਪੰਚ ਪਠਲਾਵਾ ,ਕੈਪ ਹਰਵੇਲ ਸਿੰਘ ਪਠਲਾਵਾ ਸ ਪ੍ਰਮਜੀਤ ਸਿੰਘ ਝਿੱਕਾ ਸਭ ਇੰਸਪੈਕਟਰ ਪੰਜਾਬ ਪੁਲਿਸ , ਰਜਿੰਦਰ ਸਿੰਘ ਜਿੰਦਾ, ਕੁਲਵਿੰਦਰ ਸਿੰਘ ਲਾਲੀ ਪਠਲਾਵਾ ਇਸਤਰੀ ਵਿੰਗ ਦੇ ਚੇਅਰਪਰਸਨ ਸ਼੍ਰੀਮਤੀ ਕੁਲਵਿੰਦਰ ਕੌਰ ਵਾਰੀਆ, ਸ਼੍ਰੀਮਤੀ ਰੇਸ਼ਮ ਕੌਰ ਪੋਸੀ,ਮੈਡਮ ਕਮਲਜੀਤ ਕੌਰ ਐਮਾਂ ਜਟਾਂ, ਮੈਡਮ ਲਖਵਿੰਦਰ ਕੌਰ ਪਠਲਾਵਾ, ਮੈਡਮ ਬਲਵਿੰਦਰ ਕੌਰ ਪਠਲਾਵਾ, ਮੈਡਮ ਸਾਰਿਕਾ ਸੋਨੀ ਸੁਜੋਂ ਲੈਕਚਰਾਰ ਅਸ਼ੋਕ ਕੁਮਾਰ ਸ਼ਰਮਾ ਹਾਜਿਰ ਸਨ।

# ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਦਿੱਤੀ ਟ੍ਰੇਨਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਦਿਸਾ-ਨਿਰਦੇਸ਼ਾਂ ਅਨੁਸਾਰ ਸੀ.ਜੀ.ਐਮ-ਕਮ-ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਦੋ ਸੈਸ਼ਨਾਂ ਦੌਰਾਨ ਟ੍ਰੇਨਿੰਗ ਦਿੱਤੀ ਗਈ। ਇਸ ਦੌਰਾਨ ਪਹਿਲੇ ਸੈਸ਼ਨ ਵਿਚ ਓਰੀਐਨਟੇਸ਼ਨ ਪ੍ਰੋਗਰਾਮ ਬਾਰੇ ਅਤੇ ਦੂਸਰੇ ਸੈਸ਼ਨ ਵਿਚ ਬੇਸਿਕ ਟ੍ਰੇਨਿੰਗ ਦਿੱਤੀ ਗਈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਅਥਾਰਟੀ ਵੱਲੋਂ ਚਲਾਈਆਂ ਗਈਆ ਵੱਖ- ਵੱਖ ਸਕੀਮਾਂ ਬਾਰੇ ਅਤੇ ਮਿਤੀ 13 ਦਸੰਬਰ, 2025 ਨੂੰ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਲੋਕ ਅਦਾਲਤ ਵਿਚ ਪੈਡਿੰਗ ਅਤੇ ਪ੍ਰੀ-ਲਿਟੀਗੇਟਿਵ ਕੇਸ ਸੁਣੇ ਜਾਦੇ ਹਨ, ਇਨ੍ਹਾਂ ਕੇਸਾ ਦਾ ਨਿਪਟਾਰਾ ਦੋਵੇ ਧਿਰਾ ਦੇ ਸਮਝੋਤੇ ਰਾਹੀ ਕੀਤਾ ਜਾਂਦਾ ਹੈ ਅਤੇ ਇਸ ਲੋਕ ਅਦਾਲਤ ਵਿਚ ਹੋਏ ਫ਼ੈਸਲੇ ਦੀ ਕੋਈ ਵੀ ਅਪੀਲ ਨਹੀ ਹੁੰਦੀ। ਇਸ ਨਾਲ ਸਮੇ ਅਤੇ ਧਨ ਦੀ ਬੱਚਤ ਹੁੰਦੀ ਹੈ। ਉਪਰੋਕਤ ਤੋਂ ਇਲਾਵਾ ਟ੍ਰੇਨਿੰਗ ਦੌਰਾਨ ਨਵੇਂ ਭਰਤੀ ਕੀਤੇ ਗਏ ਪੈਰਾ ਲੀਗਲ ਵਲੰਟੀਅਰਾਂ ਨੂੰ ਪੈਨਲ ਐਡਵੋਕੇਟ ਰੇਨੂੰ ਅਤੇ ਰੁਪਿਕਾ ਠਾਕੁਰ, ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ, ਹੁਸ਼ਿਆਰਪੁਰ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਸੇਵਾਵਾਂ ਅਤੇ ਨਾਲਸਾ ਸਕੀਮਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ।



# 27 ਵਾਂ ਰਾਜ ਪੱਧਰੀ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਦਾ ਤੀਜਾ ਦਿਨ

## ਪੰਜਾਬ ਪੁਲਿਸ ਜਲੰਧਰ ਦੀ ਟੀਮ ਪੁੱਜੀ ਸੈਮੀਫਾਈਨਲ ਵਿੱਚ

**ਬੰਗਾ (ਚਰਨਜੀਤ ਸੱਲ੍ਹਾਂ )** 27 ਵਾਂ ਰਾਜ ਪੱਧਰੀ ਸ਼ਹੀਦ ਏ ਆਜ਼ਮ ਸ. ਭਗਤ ਸਿੰਘ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਖੇਡ ਮੈਦਾਨ ਮਹਿੰਗਾ ਸਿੰਘ ਪਵੇਲੀਅਨ ਵਿਖੇ ਕਰਵਾਇਆ ਗਿਆ। ਛੇ ਦਿਨ ਚੱਲਣ ਵਾਲੇ ਇਸ ਟੂਰਨਾਮੈਂਟ ਦੇ ਤੀਸਰੇ ਦਿਨ ਦੀ ਖੇਡ ਦਾ ਆਰੰਭ ਮੁੱਖ ਮਹਿਮਾਨਾਂ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਉਪ ਪ੍ਰਧਾਨ ਗੁਰਦਿਆਲ ਸਿੰਘ ਜਗਤਪੁਰ ਅਤੇ ਸੁਰਿੰਦਰ ਸਿੰਘ ਖਾਲਸਾ ਵੱਲੋਂ ਸਾਂਝੇ ਤੌਰ ਤੇ ਟੀਮਾਂ ਨਾਲ ਜਾਣ ਪਹਿਚਾਣ ਉਪਰੰਤ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਦਰਸ਼ਨ ਸਿੰਘ ਮਾਹਲ, ਗੁਰਦੇਵ ਸਿੰਘ ਅਰਜਨਾ ਅਵਾਰਡੀ, ਜਰਨੈਲ ਸਿੰਘ ਪੱਲੀਝਿੱਕੀ, ਅਜੀਤ ਸਿੰਘ ਖਾਨਖਾਨਾ, ਕਸ਼ਮੀਰੀ ਲਾਲ ਮੰਗੂਵਾਲ ਸਨ। ਇਸ ਮੌਕੇ ਉਹਨਾਂ ਨੇ ਕਿਹਾ ਕਿ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖੇਡਾਂ ਨਾਲ ਜਿੱਥੇ ਸਰੀਰ ਨਰੋਗ ਰਹਿੰਦਾ ਹੈ ਉੱਥੇ ਖੇਡਾਂ ਨਾਲ ਆਪਣੇ ਭਵਿੱਖ ਨੂੰ ਸੁੰਦਰ ਬਣਾਇਆ ਜਾ ਸਕਦਾ ਹੈ। ਅੱਜ ਦਾ ਮੈਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਖਿਆਲਾ ਅਤੇ ਪੰਜਾਬ ਪੁਲਿਸ ਜਲੰਧਰ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਪੰਜਾਬ ਪੁਲਿਸ ਦੀ ਟੀਮ ਵਲੋਂ ਪਹਿਲੇ ਹਾਫ ਵਿੱਚ ਇੱਕ ਗੋਲ ਕੀਤਾ ਤੇ ਦੂਜੇ ਹਾਫ ਵਿੱਚ ਦੋ ਗੋਲ ਕਰਕੇ 3-0 ਨਾਲ ਇਹ ਮੈਚ ਜਿੱਤਕੇ ਸੈਮੀਫਾਈਨਲ ਵਿੱਚ ਪੁੱਜ ਗਈ। ਇਸ ਮੌਕੇ ਪ੍ਰਧਾਨ ਸ. ਨਰਿੰਦਰ ਸਿੰਘ ਰੰਧਾਵਾ ਨੇ ਸਮੂਹ ਸਹਿਯੋਗੀ ਸੱਜਣਾਂ, ਐਨਆਰਆਈ ਵੀਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਟੂਰਨਾਮੈਂਟ ਹਰ ਸਾਲ ਦੀ ਤਰਾਂ ਇਸ ਵਾਰ ਵੀ ਪ੍ਰਬੰਧਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਦੀ ਜੇਤੂ ਕਲੱਬ ਨੂੰ 1 ਲੱਖ ਰੁਪਏ ਅਤੇ ਆਕਰਸ਼ਕ ਟ੍ਰਾਫ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ । ਉੱਪ ਜੇਤੂ ਟੀਮ ਨੂੰ 75 ਹਜ਼ਾਰ ਰੁਪਏ ਅਤੇ ਆਕਰਸ਼ਕ ਟ੍ਰਾਫ਼ੀ ਨਾਲ ਸਨਮਾਨਤ ਕੀਤਾ ਜਾਵੇਗਾ। ਹਰ ਟੀਮ ਨੂੰ 9 ਹਜਾਰ ਰੁਪਏ ਟੀਏਡੀਏ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਕੱਲ੍ਹ ਕੁਆਟਰ ਫਾਈਨਲ ਦੇ ਤਿੰਨ ਮੈਚ ਖੇਡੇ ਜਾਣਗੇ ਜਿਹਨਾਂ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਟਿੰਗ ਕਲੱਬ ਮਾਹਲਪੁਰ ਦਾ ਨਾਮਧਾਰੀ ਫੁੱਟਬਾਲ ਕਲੱਬ ਭੈਣੀ ਸਾਹਿਬ ਸਵੇਰੇ 10 ਵਜੇ, ਦੂਜਾ ਮੈਚ ਦਲਬੀਰ ਫੁੱਟਬਾਲ ਅਕੈਡਮੀ ਪਟਿਆਲਾ ਦਾ ਸੀਆਰਪੀ ਐਫ ਜਲੰਧਰ 12 ਵਜੇ ਅਤੇ ਤੀਜਾ ਮੈਚ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਫੁੱਟਬਾਲ ਅਕੈਡਮੀ ਬੰਗਾ ਦਾ ਕੇਹਰ ਸਪੋਰਟਿੰਗ ਕਲੱਬ ਜਲੰਧਰ ਸ਼ਾਮ ਦੋ ਵਜੇ ਖੇਡੇ ਜਾਣਗੇ। ਇਸ ਮੌਕੇ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਪ੍ਰਬੰਧਕੀ ਸਕੱਤਰ ਹਰਜੀਤ ਸਿੰਘ ਮਾਹਲ, ਪ੍ਰੈਸ ਸਕੱਤਰ ਤਲਵਿੰਦਰ ਸ਼ੇਰਗਿੱਲ, ਖਜਾਨਚੀ ਕਸ਼ਮੀਰੀ ਲਾਲ ਮੰਗੂਵਾਲ, ਉਪ ਪ੍ਰਧਾਨ ਗੁਰਦਿਆਲ ਸਿੰਘ ਜਗਤਪੁਰ, ਪ੍ਰਿੰਸੀਪਲ ਤਰਸੇਮ ਸਿੰਘ ਭਿੰਡਰ, ਜਗਜੀਤ ਸਿੰਘ ਰੰਧਾਵਾ, ਜਰਨੈਲ ਸਿੰਘ ਪੱਲੀਝਿੱਕੀ, ਸੁਰਿੰਦਰ ਸਿੰਘ ਖਾਲਸਾ, ਪ੍ਰੋਫੈਸਰ ਪਰਗਣ ਸਿੰਘ ਅਟਵਾਲ, ਰਘਵੀਰ ਸਿੰਘ ਕਾਲਾ, ਜਗਤਾਰ ਝਿੱਕਾ, ਜਸਵੰਤ ਖਟਕੜ, ਜਸਵੀਰ ਸਿੰਘ ਮੰਗੂਵਾਲ, ਕਸ਼ਮੀਰ ਸਿੰਘ, ਗੁਦਾਵਰ ਸਿੰਘ, ਡਾਕਟਰ ਗੁਰਮੀਤ ਸਰਾਂ, ਡਾ. ਤਰਸੇਮ ਸਲੋਹ, ਅਜੀਤ ਸਿੰਘ ਖਾਨਖਾਨਾ, ਸਰਬਜੀਤ ਸਿੰਘ ਮੰਗੂਵਾਲ, ਬਲਜੀਤ ਸਿੰਘ ਸਿੱਧੂ, ਸ਼ਰਨਜੀਤ ਸਿੰਘ, ਫੁੱਟਬਾਲ ਕੋਚ ਸਤਵੀਰ ਸਿੰਘ ਸੱਤੀ,ਅਮਨਦੀਪ ਸਿੰਘ ਥਾਂਦੀ, ਪ੍ਰਿੰਸੀਪਲ ਜਤਿੰਦਰ ਮੋਹਨ, ਪਰਮਜੀਤ ਸਿੰਘ ਕਾਲਜ ਸੁਪਰਡੈਂਟ, ਲੈਕਚਰਾਰ ਸ਼ੰਕਰ ਦਾਸ, ਗੁਰਪਾਲ ਸਿੰਘ ਮੈਨੇਜਰ ਡੀਸੀਬੀ, ਕੁਲਵਿੰਦਰ ਸਿੰਘ ਢਾਂਡੀਆ, ਜੋਗਿੰਦਰ ਸਿੰਘ ਕਲਸੀ, ਨੰਬਰਦਾਰ ਸਵਰਨ ਸਿੰਘ ਕਾਹਮਾ, ਸੁੱਚਾ ਸਿੰਘ, ਪਿਆਰਾ ਸਿੰਘ ਆਦਿ ਹਾਜਰ ਸਨ।



ਟੀਮਾਂ ਨਾਲ ਜਾਣ ਪਹਿਚਾਣ ਕਰਦੇ ਹੋਏ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ, ਗੁਰਦਿਆਲ ਸਿੰਘ ਜਗਤਪੁਰ, ਸੁਰਿੰਦਰ ਸਿੰਘ ਖਾਲਸਾ ਅਤੇ ਹੋਰ।

ਸਮਾਜ ਵੀਕਲੀ ਨਿਊਜ਼

# ਵਿਦੇਸ਼ਾਂ ਦੀ ਧਰਤੀ ਜੋ ਅੱਜ ਤੱਕ ਕਿਸੇ ਨੇ ਨਹੀਂ ਕੀਤਾ ਉਹ ਡਾ. ਅੰਬੇਡਕਰ ਦੇ ਪ੍ਰੇਰੋਕਾਰ ਹਰਜਿੰਦਰ ਮੱਲ ਅਤੇ ਚੰਚਲ ਮੱਲ ਪਰਿਵਾਰ ਨੇ ਕਰਕੇ ਨਵਾਂ ਇਤਿਹਾਸ ਬਣਾ ਦਿੱਤਾ" ਡਾ. ਇੰਦਰਜੀਤ ਕੁਮਾਰ ਕਜਲਾ

**ਬੰਗਾ (ਚਰਨਜੀਤ ਸੱਲ੍ਹਾਂ )** ਮਿਤੀ 06/12/2025 ਨੂੰ ਜਿੱਥੇ ਪੂਰੀ ਦੁਨੀਆਂ ਬਾਬਾ ਸਾਹਿਬ ਜੀ ਆਪਣੀ ਵੱਖ-ਵੱਖ ਤਰੀਕਿਆਂ ਦੇ ਨਾਲ ਸ਼ਰਧਾਂਜਲੀ ਦੇ ਫੁੱਲ ਅਰਪਿਤ ਕਰ ਰਕੇ ਹਨ। ਉੱਥੇ ਦੇ ਆਪ ਸਾਥੀਆਂ ਨਾਲ ਇਹ ਜਾਣਕਾਰੀ ਸਾਂਝੀ ਕਰਦੇ ਹੋਏ ਮਾਣ ਮਹਿਸੂਸ ਹੋ ਰਿਹਾ ਹੈ ਕਿ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦੇ 69ਵੇਂ ਪ੍ਰੀਨਿਰਵਾਣ ਦਿਵਸ ਮੌਕੇ, ਉਨ੍ਹਾਂ ਦੇ ਨਾਂਅ ਤੇ ਸਾਈਮਨ ਫਰੇਜ਼ਰ ਯੂਨੀਵਰਸਿਟੀ, ਵੈਨਕੂਵਰ,ਕੇਨੈਡਾ ਵਿੱਚ ਡਾ. ਬੀ. ਆਰ. ਅੰਬੇਡਕਰ ਸਕਾਲਰਸ਼ਿਪ ਦੀ ਸਥਾਪਨਾ ਕੀਤੀ ਹੈ। ਇਸ ਕਾਰਜ ਲਈ ਸਤਿਕਾਰਯੋਗ ਹਰਜਿੰਦਰ ਮੱਲ ਅਤੇ ਚੰਚਲ ਮੱਲ ਅਤੇ ਉਨ੍ਹਾਂ ਦੇ ਪਰਿਵਾਰ ਨੇ ਆਪਣੀ ਨੇਕ ਕਮਾਈ ਵਿੱਚੋਂ 60,000 ਡਾਲਰ (ਭਾਰਤੀ ਕਰੰਸੀ ਅਨੁਸਾਰ ਲਗਭਗ 39-40 ਲੱਖ) ਦੇ ਦਿੱਤਾ ਹੈ। ਇਹ ਸਕਾਲਰਸ਼ਿਪ ਉਸ ਸਮੇਂ ਤੱਕ ਰਹੇਗੀ, ਜਿੰਨਾਂ ਚਿਰ ਇਹ ਯੂਨੀਵਰਸਿਟੀ ਦੀ ਹੋਂਦ ਰਹੇਗੀ। ਇਸ ਸਕਾਲਰਸ਼ਿਪ 14 ਅਪ੍ਰੈਲ 2026 (ਸਮਾਨਤਾ ਦਿਵਸ) ਤੋਂ ਯੂਨੀਵਰਸਿਟੀ ਦੁਆਰਾ ਡਾ. ਬੀ. ਆਰ. ਅੰਬੇਡਕਰ ਜੀ ਜੀਵਨ, ਸੰਘਰਸ਼ ਅਤੇ ਉਹਨਾਂ ਦੇ ਸਿਧਾਂਤਾਂ ਨਾਲ ਸੰਬੰਧਤ ਖੋਜ ਕਰਨ ਵਾਲੇ ਕਾਬਲ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ। ਇਹ ਸਭ ਕੁਝ ਬਾਬਾ ਸਾਹਿਬ ਦੇ ਅਸ਼ੀਰਵਾਦ ਦੇ ਸਦਕਾ ਹੀ ਹੋਇਆ ਹੈ। ਇਸ ਸਭ ਲਈ ਅਸੀਂ ਉਹਨਾਂ ਦਾ ਧੰਨਵਾਦ ਕਰਦੇ ਹਾਂ। ਉਹ ਪਹਿਲਾ ਵੀ ਡਾ . ਅੰਬੇਡਕਰ ਸਕੂਲ ਆਫ ਥਾਟ ਵਿਖੇ ਲੱਖਾਂ ਰੁਪਈਏ ਦਾ ਦਾਨ ਦੇ ਚੁੱਕੇ ਹਨ। ਇਸ ਤੋਂ ਇਲ-ਾਵਾ ਉਹਨਾਂ ਹਜਾਰਾਂ ਬੱਚਿਆਂ ਨੂੰ ਉਚੇਰੀ ਸਿੱਖਿਆ ਹਾਸਲ ਕਰਨ ਵਿੱਚ ਆਪਣੀ ਨੇਕ ਕਮਾਈ ਵਿੱਚੋਂ ਲੱਖਾਂ ਰੁਪਈਆ ਖਰਚ ਕੀਤਾ।

ਇਸ ਤਰ੍ਹਾਂ ਦੇ ਦਾਨ ਤੇ ਯੋਗਦਾਨ ਆਪਣੇ ਦੋਸਤਾਂ ਨਾਲ ਜਰੂਰ ਸਾਂਝੀ ਕਰੋ ਤਾਂ ਹੋਰ ਲੋਕ ਵੀ ਉਤਸ਼ਾਹਿਤ ਹੋ ਕੇ ਬਾਬਾ ਸਾਹਿਬ ਦੇ ਮਿਸ਼ਨ ਲਈ ਆਪਣਾ ਬਣਦਾ ਯੋਗਦਾਨ ਪਾਉਣ।





ਸਮਾਜ ਵੀਕਲੀ ਨਿਊਜ਼

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵਿਸ਼ੇਸ਼ ਨਸ਼ਾ ਮੁਕਤੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ (ਮੁਹਾਲੀ) ਅਤੇ ਜ਼ਿਲ੍ਹਾ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ, ਸਕੱਤਰ-ਕਮ-ਸੀ.ਜੇ.ਐਮ ਨੀਰਜ ਗੋਇਲ ਦੇ ਨਿਰਦੇਸ਼ਾਂ ਅਤੇ ਮਾਰਗਦਰਸ਼ਨ ਅਧੀਨ 6 ਦਸੰਬਰ 2025 ਤੋਂ 6 ਜਨਵਰੀ 2026 ਤੱਕ ਜ਼ਿਲ੍ਹੇ ਭਰ ਵਿਚ ਵਿਸ਼ੇਸ਼ ਨਸ਼ਾ ਮੁਕਤੀ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਕੜੀ ਅਧੀਨ ਸਰਕਾਰੀ ਐਲੀਮੈਂਟਰੀ ਸਕੂਲ ਬੈਂਸ ਖੁਰਦ ਵਿਚ ਜਾਗਰੂਕਤਾ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਐਡਵੋਕੇਟ ਆਸ਼ੀਸ਼ ਜੋਤੀ ਨੇ ਹਾਜ਼ਰੀਨ ਨੂੰ ਨਸ਼ਾ-ਵਿਰੋਧੀ ਸੁਨੇਹਾ ਦਿੱਤਾ। ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਐਡਵੋਕੇਟ ਆਸ਼ੀਸ਼ ਜੋਤੀ ਨੇ ਕਿਹਾ ਕਿ ਨਸ਼ਾ ਅੱਜ ਸਮਾਜ ਲਈ ਇੱਕ ਗੰਭੀਰ ਖਤਰਾ ਬਣ ਚੁੱਕਿਆ ਹੈ। ਇਸਨੂੰ ਮੁੱਢ ਤੱਕ ਖਤਮ ਕਰਨ ਲਈ ਸਮਾਜ ਦੇ ਹਰ ਵਰਗ ਦੀ ਸਾਂਝੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਵਿਦਿਆਰਥੀਆਂ, ਮਾਪਿਆਂ ਅਤੇ ਪਿੰਡ ਵਾਸੀਆਂ ਨੂੰ ਨਸ਼ੇ ਦੇ ਨੁਕ-ਸਾਨਦਾਇਕ ਪ੍ਰਭਾਵਾਂ, ਇਸ ਨਾਲ ਜੁੜੇ ਕਾਨੂੰਨੀ ਪ੍ਰਬੰਧਾਂ ਅਤੇ ਨਸ਼ਾ ਛੱਡਣ ਤੋਂ ਬਾਅਦ ਉਪਲਬਧ ਪੁਨ-ਰਵਾਸ ਸਹੂਲਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਨਸ਼ੇ ਤੋਂ ਦੂਰ ਰਹਿ ਕੇ ਹੀ ਨੌਜਵਾਨ ਆਪਣੀਆਂ ਸਮਰੱਥਾਵਾਂ ਦਾ ਸਹੀ ਢੰਗ ਨਾਲ ਪ੍ਰਯੋਗ ਕਰ ਸਕਦੇ ਹਨ ਅਤੇ ਸਮਾਜ ਦੀ ਤਰੱਕੀ ਵਿਚ ਯੋਗਦਾਨ ਪਾ ਸਕਦੇ ਹਨ। ਇਸ ਮੌਕੇ ਲੋਕਾਂ ਨੂੰ ਕਾਨੂੰਨੀ ਸਹਾਇਤਾ ਹੈਲਪਲਾਈਨ, ਨਸ਼ਾ ਮੁਕਤੀ ਕੇਂਦਰਾਂ ਅਤੇ ਸਰਕਾਰੀ ਯੋਜਨਾਵਾਂ ਬਾਰੇ ਵੀ ਜਾਣੂ ਕਰਵਾਇਆ ਗਿਆ, ਤਾਂ ਜੋ ਲੋੜਵੰਦ ਸਮੇਂ ਸਿਰ ਸਹਾਇਤਾ ਪ੍ਰਾਪਤ ਕਰ ਸਕਣ।



# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005 (2 Awards) BSYA

... (FREE CONSULTATION) ...

GENERAL DISEASES: ... (Diabetes), ... (Asthma), ... (Arthritis), ... (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoeas), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... (VAGINAL LUBRICATION GEL / MAGIC) — £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits) ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ... | £19 |
| NURALACO | (IN OINTMENT OR LOTION) — ... | £19 |
| CHILLAGA | (IN OINTMENT OR LOTION) — ... | £19 |
| ARNSTRA | (IN OINTMENT) — ... (SPRAINS) ... (BED SORES) ... | £19 |
| BELINFLA | (IN OIL OR OINTMENT) — ... | £19 |
| BELULCE | (IN OIL) — ... ULCERS ... | £19 |
| BRYJOIN | (IN OIL) — ... | £19 |
| CALWOUN | (IN OIL OR OINTMENT) — ... | £19 |
| BURCAN | (IN LOTION OR OINTMENT) — ... | £19 |
| ROUTUM | (IN OINTMENT) — ... | £19 |
| JOINRHU | (IN OIL) — ... | £19 |
| ABSSIL | (IN LOTION) — ... | £19 |
| ITCSUL | (IN OIL) — ... | £19 |
| WARTHU | (IN OIL) — ... (WARTS) ... | £19 |

* HOMOEOPATHIC HEALTH CLINIC ... £10 ...

... ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**

M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.

236, BLAGREAVES LANE, LITTLEOVER, DERBY. DE23 1PS, U.K.

Tel/FAX: 00 44 (0)+1332-72 72 42 Mobile: 00 44 (0)+7973-85 10 12

www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਸ੍ਰੀ ਚਰਨਛੋਹ ਬੇਗਮਪੁਰਾ ਖੁਰਾਲਗੜ ਸਾਹਿਬ 'ਚ ਬਾਬਾ ਸਾਹਿਬ ਡਾ. ਅੰਬੇਡਕਰ ਪ੍ਰੀਨਿਰਵਾਣ ਦਿਵਸ ਮਨਾਇਆ

## ਬਾਬਾ ਸਾਹਿਬ ਦੇ ਉਪਕਾਰਾਂ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ - ਸੰਤ ਨਿਰਮਲ ਦਾਸ ਬਾਬੇਜੌੜੇ,ਸੰਤ ਸਤਵਿੰਦਰ ਹੀਰਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਭਾਰਤ ਰਤਨ , ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਅਤੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੀ ਅਗਵਾਈ ਹੇਠ ਇਲ-ਾਕਾ ਨਿਵਾਸੀ ਸੰਗਤਾਂ ਵਲੋਂ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਵੱਖ ਵੱਖ ਬੁਲਾਰਿਆਂ ਵਲੌਂ ਓਨਾਂ ਵਲੌਂ ਕੀਤੇ ਮਹਾਨ ਇਤਿਹਾਸਕ



ਫੈਂਸਲਿਆਂ ਦੀ ਸ਼ਲਾਘਾ ਕੀਤੀ।ਇਸ ਮੌਕੇ ਸੰਤ ਨਿਰਮਲ ਦਾਸ ਬਾਬੇਜੌੜੇ ਅਤੇ ਸੰਤ ਸਤਵਿੰਦਰ ਹੀਰਾ ਨੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਨਮਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦੀਆਂ ਕੀਤੀਆਂ ਕੁਰਬਾਨੀਆਂ ਦਾ ਮੁੱਲ ਬਹੁਜਨ ਸਮਾਜ ਅਤੇ ਭਾਰਤ ਵਾਸੀ ਕਈ ਜਨਮਾਂ ਤੱਕ ਨਹੀਂ ਮੋੜ ਸਕਦੇ। ਪੜਾਈ, ਨੌਕਰੀ, ਜਮੀਨ ਖ੍ਰੀਦਣ ,ਸੁੰਦਰ ਵੱਡੇ ਵੱਡੇ ਮਹਿਲਨੁਮਾ ਘਰ ਬਣਾਉਣ ਤੋਂ ਇਲਾਵਾ ਰਾਜ ਭਾਗ ਪ੍ਰਾਪਤੀ ਅਤੇ ਰਾਗ ਭਾਗ ਦੀ ਤਬਦੀਲੀ ਲਈ ਦਿੱਤੇ ਵੋਟ ਦੇ ਅਧਿਕਾਰ ਨਾਲ ਕ੍ਰੋੜਾਂ ਅਨੁਸੂਚਿਤ ਜਾਤੀ,ਪਛੜਿਆਂ ਦੀਆਂ ਤਕਦੀਰਾਂ ਚਮਕ ਗਈਆਂ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਕੌਮੀ ਨੇ ਕਿਹਾ ਬਾਬਾ ਸਾਹਿਬ ਨੇ ਔਰਤ ਨੂੰ ਬਰਾਬਰ ਦਾ ਦਰਜਾ ਦੇ ਕੇ ਦੇਸ਼ ਦੇ ਵੱਡੇ ਵੱਡੇ ਸਨਮਾਨਯੋਗ ਅਹੁਦਿਆਂ ਤੇ ਬਿਰਾਜਮਾਨ ਕੀਤਾ। ਉਨਾਂ ਕਿਹਾ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੀਆਂ ਯਾਦਗਾਰਾਂ ਸਥਾਪਤ ਕੀਤੀਆਂ ਜਾਣਗੀਆਂ। ਇਸ ਮੌਕੇ ਸੰਤ ਚਰਨ ਦਾਸ ਮਾਂਗਟ, ਸੰਤ ਅਮਰਜੀਤ , ਸੰਤ ਬੀਬੀ ਪੂਨਮ ਹੀਰਾ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ ਸਕੂਲ ਦੀ ਗਰਾਊਂਡ 'ਚ ਨਜਾਇਜ਼ ਦੁਕਾਨਾਂ ਦੀ ਉਸਾਰੀ ਦਾ ਮਾਮਲਾ ਭਖਿਆ

- **ਸੰਘਰਸ਼ ਤੇਜ਼ ਕਰਨ ਲਈ ਵਾਰਸ ਬਾਬਾ ਬਘੇਲ ਸਿੰਘ ਜਥੇਬੰਦੀ ਹਰਿਆਣਾ ਦਾ ਹੋਇਆ ਗਠਨ**
- **ਤੇਜਪਾਲ ਸਿੰਘ ਪ੍ਰਧਾਨ ਅਤੇ ਸਰਬਜੀਤ ਸਿੰਘ ਉਪ ਪ੍ਰਧਾਨ ਬਣੇ**

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਵਿੱਚ ਚੱਲ ਰਹੇ ਕੱਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਹਰਿਆਣਾ ਦੀ ਗਰਾਊਂਡ ਵਿਖੇ ਬਣਾਈਆਂ ਜਾ ਰਹੀਆਂ ਦੁਕਾਨਾਂ ਦਾ ਮਾਮਲਾ ਪੂਰੀ ਤਰ੍ਹਾਂ ਗਰਮਾਇਆ ਚੁੱਕਾ ਹੈ ਕਿ ਜਿਸ ਦੇ ਵਿਰੋਧ ਵਿੱਚ ਸੋਸ਼ਲ ਮੀਡੀਆ ਤੇ ਲਗਾਤਾਰ ਇਹ ਮੁੱਦਾ ਲਾਮ ਲਾਈਟ ਵਿੱਚ ਆਇਆ ਹੋਇਆ ਹੈ ਕਿ ਸਕੂਲ ਪ੍ਰਬੰਧਕਾਂ ਵੱਲੋਂ ਬਣਾਈਆਂ ਜਾ ਰਹੀਆਂ ਇਨ੍ਹਾਂ ਦੁਕਾਨਾਂ ਨੂੰ ਕਥਿਤ ਤੌਰ ਤੇ ਗੈਰਕਨੂੰਨੀ ਕਰਾਰ ਦੇ ਕੇ ਕਸਬਾ ਹਰਿਆਣਾ ਤੇ ਨਾਲ ਲੱਗਦੇ ਪਿੰਡਾਂ ਦੇ ਕੁੱਝ ਵਿਅਕਤੀਆਂ ਵੱਲੋਂ ਇਸ ਮਾਮਲੇ ਨੂੰ ਨਗਰ ਕੌਂਸਲ ਹਰਿਆਣਾ ਅਤੇ ਜਿਲਾ ਹੁਸ਼ਿਆਰਪੁਰ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਸਕੂਲ ਪ੍ਰਬੰਧਕਾਂ ਦੇ ਅਪਹੁਦਰੇਪਣ ਦੇ ਵਿਰੋਧ 'ਚ ਸ਼ਨੀਵਾਰ ਨੂੰ ਕਸਬਾ ਹਰਿਆਣਾ ਅਤੇ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਵੱਲੋਂ ਕਣਕ ਮੰਡੀ ਹਰਿਆਣਾ ਵਿਖੇ ਮੀਟਿੰਗ ਕਰਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਅਤੇ ਅਗਲੀ ਰਣਨੀਤੀ ਉਲੀਕੀ ਗਈ। ਇਸ ਮੌਕੇ ਭਰਵੇਂ ਇਕੱਠ ਦੌਰਾਨ ਜਸਵੀਰ ਸਿੰਘ ਹਰਿਆਣਾ, ਤੇਜਪਾਲ ਸਿੰਘ, ਕੁਲਦੀਪ ਸਿੰਘ, ਰਤਨ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਕੱਲਰ ਖਾਲਸਾ ਸੀ ਸੈ ਸਕਲ ਹਰਿਆਣਾ ਵਿਖੇ ਜੋ ਨਜਾਇਜ਼ ਤੌਰ 'ਤੇ ਦੁਕਾਨਾਂ ਬਣਾਈਆਂ ਜਾ ਰਹੀਆਂ ਹਨ ਇਹ ਦਾਨ ਕੀਤੀ ਹੋਈ ਜ਼ਮੀਨ ਦੀ ਗਲਤ ਵਰਤੋਂ ਦਾ ਮਾਮਲਾ ਹੈ ਜਿਸ ਨੂੰ ਬੰਦ ਕਰਵਾਉਣ ਲਈ ਪਹਿਲਾਂ ਜੁਬਾਨੀ ਅਤੇ ਫਿਰ ਲਿਖਤੀ ਤੌਰ ਤੇ ਚਾਰਾਜੋਈ ਕੀਤੀ ਗਈ ਪਰ ਕੋਈ ਹੱਲ ਨਾ ਨਿਕਲਣ ਤੇ ਹੁਣ ਇਨ੍ਹਾਂ ਨਜਾਇਜ਼ ਉਸਾਰੀਆਂ ਨੂੰ ਰੁਕਵਾਉਣ ਲਈ ਸੰਘਰਸ਼ ਵਿਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਲਰ ਖਾਲਸਾ ਸਕੂਲ ਦੀ ਇਹ ਗਰਾਊਂਡ ਲੋਕ ਹਿੱਤਾਂ ਵਾਸਤੇ ਵਰਤਣ ਲਈ ਦਾਨ ਕੀਤੀ ਹੋਈ ਜਾਇਦਾਦ ਹੈ, ਇਥੇ ਵਪਾਰਕ ਮਕਸਦ ਲਈ ਦੁਕਾਨਾਂ ਨਹੀਂ ਬਣਾਈਆਂ ਜਾ ਸਕਦੀਆਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਨਜਾਇਜ਼ ਉਸਾਰੀ ਕਥਿਤ ਤੌਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਸਕੂਲ ਦੀ ਪ੍ਰਬੰਧਕ



ਕਮੇਟੀ ਕਰਵਾ ਰਹੀ ਹੈ, ਇਸ ਨੂੰ ਤੁਰੰਤ ਬੰਦ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਸੇਵਾ ਮੁਕਤ ਪ੍ਰਿੰਸੀਪਲ ਹਰਜਿੰਦਰ ਸਿੰਘ ਕਰੀਬ 2014 ਤੋਂ ਸੇਵਾ ਮੁਕਤ ਹੈ ਅਤੇ ਇਸ ਦਾ ਆਚਰਨ ਵੀ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੀਤੀਆਂ ਗਾਈਡਲਾਈਨਾਂ ਅਨੁਸਾਰ ਨਹੀਂ ਹੈ। ਇਸ ਦੀ ਕੱਲਰ ਖਾਲਸਾ ਸੀਨੀ ਸੈਕੰ ਸਕੂਲ ਦੀ ਕਮੇਟੀ ਅਤੇ ਗੁਰਦੁਆਰਾ ਬਾਬਾ ਬਘੇਲ ਸਿੰਘ ਦੀ ਕਮੇਟੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੋ ਵੀ ਅਹੁੱਦਾ ਦਿੱਤਾ ਹੋਇਆ ਹੈ, ਨੂੰ ਜਨਤਕ ਕੀਤਾ ਜਾਵੇ ਅਤੇ ਇਸ ਨੂੰ ਤੁਰੰਤ ਸਕਲ ਕਮੇਟੀ ਤੋਂ ਬਾਹਰ ਕੀਤਾ ਜਾਏ। ਉਕਤ ਬੁਲਾਰਿਆਂ ਨੇ ਦੱਸਿਆ ਕਿ ਇਲਾਕਾ ਵਾਸੀਆਂ ਨੇ ਬਿਨਾਂ ਨਕਸ਼ਾ ਪਾਸ ਕਰਵਾਏ ਬਣਾਈਆਂ ਜਾ ਰਹੀਆਂ ਨਜਾਇਜ਼ ਦੁਕਾਨਾਂ ਦੀ ਉਸਾਰੀ ਬੰਦ ਕਰਵਾਉਣ ਲਈ ਨਗਰ ਕੌਂਸਲ ਹਰਿਆਣਾ ਨੂੰ ਲਿਖਤੀ ਰੂਪ ਵਿੱਚ ਦੱਸਿਆ ਜਿਸ ਦੇ ਕਾਰਵਾਈ ਕਰਦਿਆਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਵੀ ਸਕੂਲ ਨੂੰ ਪ੍ਰਿੰਸੀਪਲ ਨੂੰ ਦੁਕਾਨਾਂ ਦੀ ਉਸਾਰੀ ਬੰਦ ਕਰਵਾਉਣ ਲਈ ਲਿਖਿਆ ਗਿਆ ਹੈ। ਉਨਾਂ ਕਿਹਾ ਕਿ ਦੁਕਾਨਾਂ ਬਣਾਉਣ ਨਾਲ ਸਕੂਲ ਦੀ ਗਰਾਊਂਡ ਖਤਮ ਹੋ ਜਾਏਗੀ ਅਤੇ ਗੁਰਦੁਆਰਾ ਬਾਬਾ ਬਘੇਲ ਸਿੰਘ ਦੀ ਵੀ ਦਿੱਖ 'ਤੇ ਅਸਰ ਪਏਗਾ। ਉਨ੍ਹਾਂ ਕਿਹਾ ਕਿ ਕੱਲਰ ਖਾਲਸਾ ਸੀ.ਸੈ. ਸਕੂਲ ਦੇ ਫਾਉਂਡਰ ਸੰਸਥਾਪਕ ਬਾਬੂ ਰਾਮ ਦਾ ਨਾਮ ਯਾਦਗਾਰੀ ਗੇਟ 'ਤੇ ਲਿਖਿਆ ਜਾਵੇ। ਇਸ ਮੌਕੇ ਸੰਘਰਸ਼ ਨੂੰ ਵਿਆਪਕ ਰੂਪ ਦੇਣ ਲਈ ਸਰਬ ਸੰਮਤੀ ਨਾਲ 'ਵਾਰਿਸ ਬਾਬਾ ਬਘੇਲ ਸਿੰਘ ਜੀ ਜੱਥੇਬੰਦੀ ਹਰਿਆਣਾ ਦਾ ਗਠਨ ਕੀਤਾ ਗਿਆ ਜਿਸ ਦਾ ਤੇਜਪਾਲ ਸਿੰਘ ਨੂੰ ਪ੍ਰਧਾਨ, ਸਰਬਜੀਤ ਸਿੰਘ ਨੂੰ ਉਪ ਪ੍ਰਧਾਨ, ਰਤਨ ਸਿੰਘ ਨੂੰ ਕਾਨੂੰਨੀ ਸਲਾਹਕਾਰ, ਮਨਜੀਤ ਸਿੰਘ ਖਜਾਨਚੀ ਅਤੇ ਇੰਦਰਪਾਲ ਸਿੰਘ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਬਲਵੀਰ ਸਿੰਘ ਕਲੋਟੀ, ਸਰਵਜੋਤ ਸਿੰਘ, ਇਕਬਾਲ ਸਿੰਘ ਸਾਬਕਾ ਪ੍ਰਧਾਨ, ਰਤਨ ਸਿੰਘ, ਮਨਜੀਤ ਸਿੰਘ ਮੱਖਣ, ਚਰਨਜੀਤ ਸਿੰਘ ਚੰਨੀ, ਸਰਪੰਚ ਪਲਵਿੰਦਰ ਸਿੰਘ ਸੱਜਣ, ਚੰਚਲ ਸਿੰਘ ਸ਼ੇਰਪੁਰ, ਸਰਦਾਰਾ ਸਿੰਘ, ਸਰਪੰਚ ਕਰਮ ਸਿੰਘ ਤਾਜਪੁਰ, ਬਿੱਕਰ ਸਿੰਘ ਸ਼ੇਰਪੁਰ, ਚਰਨਜੀਤ ਸਿੰਘ ਸ਼ੇਰਪੁਰ, ਜਸਵੀਰ ਸਿੰਘ ਲਾਂਬੜਾ, ਰਵਿੰਦਰ ਸਿੰਘ ਬੱਬੂ ਤਾਜਪੁਰ, ਸਤਵੰਤ ਸਿੰਘ, ਪਵਿੱਤਰ ਸਿੰਘ ਧੁੱਗਾ,ਨੋਬਲਜੀਤ ਸਿੰਘ, ਅਵਤਾਰ ਸਿੰਘ ਸੇਖੋਂ, ਪਿਥੀਪਾਲ ਸਿੰਘ ਸ਼ੇਰਪੁਰ, ਇੰਦਰਜੀਤ ਸਿੰਘ, ਅਮਰਜੀਤ ਸਿੰਘ ਗਿੱਲ, ਰਣਵੀਰ ਸਿੰਘ ਬੈਂਸਤਾਨੀ, ਬਵਨਦੀਪ ਸਿੰਘ, ਪਿਤਪਾਲ ਸਿੰਘ, ਗੁਰਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।

**ਕੀ ਕਹਿਣਾ ਸਕੂਲ ਪ੍ਰਿੰਸੀਪਲ ਦਾ :** ਸਕੂਲ ਪ੍ਰਬੰਧਕਾਂ ਦਾ ਇਸ ਪੂਰੇ ਮਾਮਲੇ ਬਾਰੇ ਪੱਖ ਲੈਣ ਲਈ ਸੰਪਰਕ ਕਰਨ 'ਤੇ ਪ੍ਰਿੰਸੀਪਲ ਰੀਟਾ ਸੈਣੀ ਨੇ ਦੱਸਿਆ ਕਿ ਕੱਲਰ ਖਾਲਸਾ ਸੀਨੀ ਸੈਕੰ ਸਕਲ ਹਰਿਆਣਾ ਦਾ ਪਬੰਧ 1986 ਤੋਂ ਐਸ ਜੀ.ਪੀ.ਸੀ ਅਧੀਨ ਹੈ ਤੇ ਤਾਜਾ ਫਰਦ ਅਨੁਸਾਰ 26 ਕਨਾਲ 15 ਮਰਲੇ ਜਮੀਨ 'ਤੇ ਸਕੂਲ ਦਾ ਮਕਬਜਾ ਕਬਜਾ ਹੈ ਕਿ ਉਹਨਾਂ ਦੱਸਿਆ ਕਿ ਕੁਝ ਲੋਕਾਂ ਵੱਲੋਂ ਦੁਕਾਨਾਂ ਬਣਾਉਣ ਦੇ ਨਾਮ 'ਤੇ ਬੇ ਬੁਨਿਆਦ ਵਿਵਾਦ ਪੈਦਾ ਕਰਕੇ ਮਾਹੌਲ ਖਰਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਦਕਿ ਦੁਕਾਨਾਂ ਬਣਾਉਣ ਦਾ ਕੰਮ ਕੋਈ ਨਵਾਂ ਨਹੀਂ ਇਥੇ ਪਹਿਲਾਂ ਵੀ 5 ਦੁਕਾਨਾਂ ਬਣੀਆਂ ਹੋਈਆਂ ਹਨ ਤੇ ਐਸ.ਜੀ.ਪੀ.ਸੀ ਨੂੰ ਪੂਰਾ ਅਧਿਕਾਰ ਹੈ ਕਿ ਉਹ ਆਪਣੀ ਜਮੀਨ 'ਤੇ ਕੋਈ ਵੀ ਕਾਰਜ ਕਰ ਸਕਦੀ ਹੈ। ਈ.ਓ ਨਗਰ ਕੌਂਸਿਲ ਹਰਿਆਣਾ ਵਲੋਂ ਜਿਹੜੇ ਵੀ ਨੋਟਿਸ ਦਿੱਤੇ ਗਏ ਹਨ ਉਨ੍ਹਾਂ ਦਾ ਜੁਆਬ ਦਿੱਤਾ ਗਿਆ ਤੇ ਈ.ਓ ਹਰਿਆਣਾ ਦੇ ਅਦੇਸ਼ਾਂ 'ਤੇ 30 ਨਵੰਬਰ 2025 ਨੂੰ ਦੁਕਾਨਾਂ ਬਣਾਉਣ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਿੰਸੀਪਲ ਹਰਜਿੰਦਰ ਸਿੰਘ ਨੂੰ ਐਸ.ਜੀ.ਪੀ.ਸੀ ਸ੍ਰੀ ਅੰਮ੍ਰਿਤਸਰ ਵਲੋਂ ਆਨਰੇਰੀ ਸਲਾਹਕਾਰ ਬਣਾਇਆ ਗਿਆ ਹੈ।

ਫੋਟੋ ਅਜਮੇਰ ਦੀਵਾਨਾ

for more news visit:
www.samajweekly.com

# ਜੇਕਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਖੇਡਾਂ ਅਤੇ ਖਿਡਾਰੀਆਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ : ਡਾ. ਰਮਨ ਘਈ



## ਪੰਜਾਬ ਰਾਜ ਅੰਤਰ-ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਲਈ ਪ੍ਰਜਨੈ ਨੂੰ ਸਨਮਾਨਿਤ ਕੀਤਾ ਗਿਆ

**ਹੁਸ਼ਿਆਰਪੁਰ (ਤਰਸੇਮ ਦੀਵਾਨਾ) –** ਭਾਜਪਾ ਖੇਡ ਸੈੱਲ, ਪੰਜਾਬ ਵੱਲੋਂ, ਸੈੱਲ ਦੇ ਸਾਬਕਾ ਸੂਬਾ ਪ੍ਰਧਾਨ ਡਾ. ਰਮਨ ਘਈ ਨੇ ਪ੍ਰਜਨੈ ਚੌਧਰੀ ਨੂੰ ਪੰਜਾਬ ਰਾਜ ਅੰਤਰ-ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਲਈ ਸਨਮਾਨਿਤ ਕੀਤਾ। ਇਸ ਮੌਕੇ ਡਾ. ਘਈ ਨੇ ਕਿਹਾ ਕਿ ਕੋਚ ਅਭਿਸ਼ੇਕ ਠਾਕੁਰ ਦੀ ਅਗਵਾਈ ਅਤੇ ਨਿਗਰਾਨੀ ਹੇਠ, ਐਪੀਟੋਮ ਬੈਲਾਰਡ ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀ ਪ੍ਰਜਨੈ ਚੌਧਰੀ ਨੇ ਰੋਪੜ ਵਿੱਚ ਪੰਜਾਬ ਰਾਜ ਅੰਤਰ-ਜ਼ਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਵਿੱਚ 32 ਕਿਲੋਗ੍ਰਾਮ ਕਰਾਟੇ ਵਰਗ ਵਿੱਚ ਸੋਨ ਤਗਮਾ ਜਿੱਤ ਕੇ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕੀਤਾ। ਇਸ ਨਾਲ ਜ਼ਿਲ੍ਹੇ ਦੇ ਹੋਰ ਬੱਚਿਆਂ ਦੀ ਖੇਡਾਂ ਵਿੱਚ ਰੁਚੀ ਵਧੇਗੀ ਅਤੇ ਮਿਹਨਤ ਅਤੇ ਲਗਨ ਨਾਲ ਉਹ ਖੇਡਾਂ ਵਿੱਚ ਆਪਣਾ ਕਰੀਅਰ ਬਣਾਉਣਗੇ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ। ਡਾ. ਘਈ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਖੇਡਾਂ ਅਤੇ ਖਿਡਾਰੀਆਂ ਲਈ ਅਜੇ ਤੱਕ ਕੋਈ ਖਾਸ ਨੀਤੀ ਨਹੀਂ ਬਣਾਈ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਖਿਡਾਰੀਆਂ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਖੇਡਾਂ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਡਾ. ਘਈ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਨੇ ਦੇਸ਼ ਨੂੰ ਕ੍ਰਿਕਟ, ਹਾਕੀ, ਕਬੱਡੀ, ਐਥਲੈਟਿਕਸ, ਫੁੱਟਬਾਲ ਅਤੇ ਹੋਰ ਖੇਡਾਂ ਵਿੱਚ ਕਈ ਅੰਤਰਰਾਸ਼ਟਰੀ ਖਿਡਾਰੀ ਦਿੱਤੇ ਹਨ, ਜੇਕਰ ਸਰਕਾਰ ਖਿਡਾਰੀਆਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰੇ, ਤਾਂ ਪੰਜਾਬ ਦੇ ਹੋਰ ਵੀ ਬਹੁਤ ਸਾਰੇ ਖਿਡਾਰੀ ਦੇਸ਼ ਲਈ ਖੇਡਣ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਤਿਆਰ ਹਨ। ਇਸ ਮੌਕੇ ਭਾਜਪਾ ਸਪੋਰਟਸ ਸੈੱਲ ਪੰਜਾਬ ਵੱਲੋਂ ਕੋਚ ਅਭਿਸ਼ੇਕ ਠਾਕੁਰ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ, ਕੁਲਭੂਸ਼ਣ ਸੇਠੀ, ਮਨੀਸ਼ ਸੇਠੀ, ਦਲਜੀਤ ਸਿੰਘ, ਨਿਖਿਲ, ਦਵਿੰਦਰ ਕੌਰ ਆਦਿ ਨੇ ਵੀ ਪ੍ਰਜਨੈ ਚੌਧਰੀ ਨੂੰ ਕਰਾਟੇ ਵਿੱਚ ਸੋਨ ਤਗਮਾ ਜਿੱਤਣ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

**ਫੋਟੋ ਅਜਮੇਰ ਦੀਵਾਨਾ**

# ਸੋਨਾਲੀਕਾ ਹੁਸ਼ਿਆਰਪੁਰ ਦੇ ਉਨ੍ਹਾਂ ਖਿਡਾਰੀਆਂ ਦਾ ਸਮਰਥਨ ਕਰੇਗੀ ਜੋ ਪੰਜਾਬ ਅਤੇ ਦੇਸ਼ ਲਈ ਖੇਡਦੇ ਹਨ : ਅਤੁਲ ਸ਼ਰਮਾ

## ਸੋਨਾਲੀਕਾ-11 ਨੇ ਨਸ਼ਿਆਂ ਵਿਰੁੱਧ ਜੰਗ ਲਈ ਪ੍ਰੀਮੀਅਮ ਲੀਗ ਵਿੱਚ ਕਾਰਪੋਰੇਸ਼ਨ-11 ਨੂੰ ਹਰਾਇਆ : ਰਮਨ ਘਈ



**ਹੁਸ਼ਿਆਰਪੁਰ (ਤਰਸੇਮ ਦੀਵਾਨਾ ) –** ਅੱਜ ਖੇਡੇ ਗਏ ਦੂਜੇ ਸ਼ਹੀਦ ਭਗਤ ਸਿੰਘ ਪ੍ਰੀਮੀਅਮ ਕ੍ਰਿਕਟ ਲੀਗ ਮੈਚ ਵਿੱਚ, ਐਚਡੀਸੀਏ ਹੁਸ਼ਿਆਰਪੁਰ ਦੁਆਰਾ ਆਯੋਜਿਤ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ, "ਨਸ਼ਿਆਂ ਵਿਰੁੱਧ ਜੰਗ" ਦੇ ਤਹਿਤ, ਸੋਨਾਲੀਕਾ-11 ਨੇ ਕਾਰਪੋਰੇਸ਼ਨ-11 ਨੂੰ ਹਰਾਇਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਮੁੱਖ ਮਹਿਮਾਨ, ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰਜ਼ ਦੇ ਉਪ ਪ੍ਰਧਾਨ ਅਤੁਲ ਸ਼ਰਮਾ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਅਤੇ ਮੈਚ ਦੀ ਸ਼ੁਰੂਆਤ ਕੀਤੀ। ਇਸ ਮੌਕੇ ਬੋਲਦਿਆਂ ਅਤੁਲ ਸ਼ਰਮਾ ਨੇ ਕਿਹਾ ਕਿ ਸੋਨਾਲੀਕਾ ਹੁਸ਼ਿਆਰਪੁਰ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਸਹੂਲਤਾਂ ਪ੍ਰਦਾਨ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਸੋਨਾਲੀਕਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਉਨ੍ਹਾਂ ਖਿਡਾਰੀਆਂ ਨੂੰ ਵਿਸ਼ੇਸ਼ ਸਹਾਇਤਾ ਪ੍ਰਦਾਨ ਕਰੇਗੀ ਜੋ ਪੰਜਾਬ ਅਤੇ ਦੇਸ਼ ਲਈ ਹੁਸ਼ਿਆਰਪੁਰ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਅਤੁਲ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ, ਜ਼ਿਲ੍ਹਾ ਕ੍ਰਿਕਟ ਐਸੋਸੀਏਸ਼ਨ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਸ਼ੁਰੂ ਕੀਤੀ ਗਈ ਨਸ਼ਿਆਂ ਵਿਰੁੱਧ ਮੁਹਿੰਮ ਨੇ ਸੂਬੇ ਵਿੱਚ ਨਸ਼ਿਆਂ ਦੀ ਦੁਰਵਰਤੋਂ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਹੈ ਅਤੇ ਅਜਿਹੇ ਖੇਡ ਸਮਾਗਮਾਂ ਨੇ ਨੌਜਵਾਨਾਂ ਦੀ ਖੇਡਾਂ ਪ੍ਰਤੀ ਦਿਲਚਸਪੀ ਵਧਾ ਦਿੱਤੀ ਹੈ। ਡਾ. ਘਈ ਨੇ ਦੱਸਿਆ ਕਿ ਅੱਜ ਦੇ ਮੈਚ ਵਿੱਚ ਕਾਰਪੋਰੇਸ਼ਨ-11 ਨੇ ਟਾਸ ਜਿੱਤਿਆ ਅਤੇ ਸੋਨਾਲੀਕਾ-11 ਨੂੰ ਬੱਲੇਬਾਜ਼ੀ ਲਈ ਸੱਦਾ ਦਿੱਤਾ। ਸੋਨਾਲੀਕਾ-11 ਨੇ 20 ਓਵਰਾਂ ਵਿੱਚ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ 6 ਵਿਕਟਾਂ ਦੇ ਨੁਕਸਾਨ 'ਤੇ 166 ਦੌੜਾਂ ਬਣਾਈਆਂ। ਅੰਕੁਸ਼ ਨੇ 48, ਰਾਹੁਲ ਨੇ 40, ਵਿਕਟਕੀਪਰ ਸੈਮ ਨੇ 25 ਅਤੇ ਕਰਨ ਨੇ 11 ਦੌੜਾਂ ਬਣਾਈਆਂ। ਕਾਰਪੋਰੇਸ਼ਨ ਵੱਲੋਂ ਗੇਂਦਬਾਜ਼ੀ ਕਰਦਿਆਂ ਰਾਜ ਕੁਮਾਰ, ਕੁਲਦੀਪ ਸਿੰਘ ਅਤੇ ਗੌਰਵ ਨੇ ਦੋ-ਦੋ ਖਿਡਾਰੀਆਂ ਨੂੰ ਆਊਟ ਕੀਤਾ।20 ਓਵਰਾਂ ਵਿੱਚ 167 ਦੌੜਾਂ ਲਈ ਚੁਣੌਤੀਪੂਰਨ, ਕਾਰਪੋਰੇਸ਼ਨ-11 10 ਓਵਰਾਂ ਵਿੱਚ ਸਿਰਫ਼ 46 ਦੌੜਾਂ 'ਤੇ ਆਊਟ ਹੋ ਗਈ। ਜਿਸ ਵਿੱਚ ਰਾਜ ਕੁਮਾਰ ਨੇ 12 ਦੌੜਾਂ ਅਤੇ ਵਰਿੰਦਰ ਸ਼ਰਮਾ ਨੇ 10 ਦੌੜਾਂ ਦਾ ਯੋਗਦਾਨ ਪਾਇਆ। ਸੋਨਾਲੀਕਾ-11 ਲਈ ਸਨੇਲ ਸੂਦ ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ, 4 ਖਿਡਾਰੀਆਂ ਨੂੰ ਆਊਟ ਕੀਤਾ, ਅੰਗਾਰਾ ਨੇ 3, ਰਾਹੁਲ ਨੇ 2 ਅਤੇ ਅੰਕੁਸ਼ ਨੇ 1 ਖਿਡਾਰੀ ਨੂੰ ਆਊਟ ਕੀਤਾ। ਐਚ ਡੀ ਸੀ ਏ ਦੇ ਪ੍ਰਧਾਨ ਡਾ. ਦਲਜੀਤ ਖੇਲਾ ਨੇ ਅੱਜ ਦੇ ਮੈਚ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਨਸ਼ਾਖੋਰੀ ਵਿਰੁੱਧ ਮੁਹਿੰਮ ਨੂੰ ਹਰ ਘਰ ਤੱਕ ਲੈ ਜਾਣ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਨਿਗਮ ਦੇ ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ ਨੇ ਵੀ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਡਾ. ਪੰਕਜ ਸ਼ਿਵ, ਵਿਵੇਕ ਸਾਹਨੀ, ਨਰੇਸ਼ ਕਾਲੂ, ਜਸਵੀਰ ਸਿੰਘ, ਡਾ. ਰਾਜ ਕੁਮਾਰ ਸੈਣੀ, ਜ਼ਿਲ੍ਹਾ ਕੋਚ ਦਲਜੀਤ ਸਿੰਘ, ਸਹਾਇਕ ਕੋਚ ਪੰਕਜ ਪਿੰਕਾ, ਦਲਜੀਤ ਧੀਮਾਨ, ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ, ਕੁਲਭੂਸ਼ਣ ਸੇਠੀ, ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਅਤੇ ਸਹਾਇਕ ਕੋਚ ਨਿਕਿਤਾ ਕੁਮਾਰੀ, ਸੋਢੀ ਰਾਮ ਆਦਿ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਬਲਾਕ ਸੰਮਤੀ ਜੋਨ ਥੋਪੀਆ ਤੋਂ ਉਮੀਦਵਾਰ ਜਸਵਿੰਦਰ ਕੌਰ ਨੇ ਕੀਤੀ ਚੋਣ ਮੁਹਿੰਮ ਦੀ ਸ਼ੁਰੂਆਤ

**ਬਲਾਚੌਰ, – (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿੱਚ ਜਿਲਾ ਪਰਿਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਅਖਾੜਾ ਭੱਖਦਾ ਹੋਇਆ ਨਜ਼ਰ ਆ ਰਿਹਾ ਹੈ। ਵੱਖ-ਵੱਖ ਪਾਰਟੀਆਂ ਵੱਲੋਂ ਐਲਾਨੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜਿਸ ਦੇ ਤਹਿਤ ਅੱਜ ਹਲਕਾ ਬਲਾਚੌਰ ਦੇ ਪਿੰਡ ਥੋਪੀਆ ਜੋਨ ਤੋਂ ਬਲਾਕ ਸੰਮਤੀ ਦੇ ਉਮੀਦਵਾਰ ਜਸਵਿੰਦਰ ਕੌਰ ਦੇ ਹੱਕ ਵਿੱਚ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਚੋਣ ਮੁਹਿੰਮ ਦਾ ਅੱਜ ਆਗਾਜ਼ ਕੀਤਾ ਗਿਆ। ਇਸ ਚੋਣ ਮੁਹਿੰਮ ਬਲਾਕ ਸੰਮਤੀ ਜੋਨ ਥੋਪੀਆ ਤੋਂ ਉਮੀਦਵਾਰ ਜਸਵਿੰਦਰ ਕੌਰ ਵੱਲੋਂ ਆਪਣੇ ਪਿੰਡ ਤੋਂ ਸ਼ੁਰੂਆਤ ਕੀਤੀ ਗਈ। ਇਸ ਚੋਣ ਮੁਹਿੰਮ ਵਿੱਚ ਆਮ ਆਦਮੀ ਪਾਰਟੀ ਦੇ ਕਈ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆ ਹਲਕਾ ਬਲਾਚੌਰ ਤੋਂ ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ ਨੇ ਕਿਹਾ ਕਿ ਪਾਰਟੀ ਵੱਲੋਂ ਥੋਪੀਆ ਜੋਨ ਤੋਂ ਜਸਵਿੰਦਰ ਕੌਰ ਨੂੰ ਉਮੀਦਵਾਰ ਐਲਾਨਿਆ ਗਿਆ ਹੈ ਜਿਨਾਂ ਦੇ ਹੱਕ ਵਿੱਚ ਅੱਜ ਉਹਨਾਂ ਦੀ ਪਾਰਟੀ ਵੱਲੋਂ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ ।ਇਸ ਮੌਕੇ ਤੇ ਉਹਨਾਂ ਨੇ ਬਲਾਕ ਸੰਮਤੀ ਥੋਪੀਆ ਜੋਨ ਦੇ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਿੰਡਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਉਣ ਲਈ ਬਲਾਕ ਸੰਮਤੀ ਉਮੀਦਵਾਰ ਜਸਵਿੰਦਰ ਕੌਰ ਨੂੰ 14 ਦਸੰਬਰ ਨੂੰ ਆਪਣੀ ਇੱਕ ਇੱਕ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ। ਉਹਨਾਂ ਨੇ ਕਿਹਾ ਕਿ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਤੇ ਹੀ ਲੋਕਾਂ ਕੋਲੋਂ ਵੋਟ ਮੰਗੀ ਜਾਵੇਗੀ। ਇਸ ਮੌਕੇ ਤੇ ਗੁੱਜਰ ਵੈਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ, ਜ਼ਿਲ੍ਹਾ ਮੀਡੀਆ ਇੰਚਾਰਜ ਚੰਦਰ ਮੋਹਨ ਜੇਡੀ , ਹਲਕਾ ਵਾਈਜ਼ ਕੋਆਰਡੀਨੇਟਰ ਵਿਸ਼ਵ ਰਾਜ ਕੌਸ਼ਲ ਬਲਾਚੌਰ, ਐਮ ਸੀ ਅਜੇ ਕੁਮਾਰ ਬਿੱਟੂ, ਰਾਣਾ ਗੁਰਪ੍ਰੀਤ ਸਿੰਘ ਸੈਣੀ, ਹਨੀ ਜੋਗੇਵਾਲ, ਡਾਕਟਰ ਵਾਸਦੇਵ ਭੁੱਬਲਾ, ਬੂਟਾ ਉਧਨਵਾਲ ਆਦਿ ਹਾਜ਼ਰ ਸਨ।



# " ਚਲੇਗਾ ਹਾਥੀ ਉੱਡੇਗੀ ਧੂਲ ਨਾ ਰਹੇਗਾ ਪੰਜਾਂ ਨਾ ਝਾੜੂ ਨਾ ਤੱਕੜੀ ਨਾ ਫੂਲ "



**ਲੁਧਿਆਣਾ (ਚਰਨਜੀਤ ਸੱਲ੍ਹਾਂ )**ਬਹੁਜਨ ਸਮਾਜ ਪਾਰਟੀ ਦੇ ਬਸਪਾ ਸੂਬਾ ਪ੍ਰਧਾਨ ਮਾਣਯੋਗ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸਾਹਿਬ ਜੀ ਦੇ ਆਸ਼ੀਰਵਾਦ ਨਾਲ ਬਲਾਕ ਸੰਮਤੀ ਬਹਾਦਰ ਕੇ ਤੋਂ ਬਹੁਤ ਹੀ ਪੜੇ ਲਿਖੇ ਮਿਸ਼ਨਰੀ ਨਿੱਧੜਕ ਸੂਝਵਾਨ ਉਮੀਦਵਾਰ ਸਾਥੀ ਐਡਵੋਕੇਟ ਜਗਦੀਸ਼ ਚੰਦ ਜੀ ਨੂੰ ਟਿਕਟ ਦਾ ਅਸ਼ੀਰਵਾਦ ਦੇ ਕੇ ਮੈਦਾਨ ਵਿੱਚ ਉਤਾਰਿਆ ਗਿਆ ਹੈ ਇਸ ਮੌਕੇ ਸੂਬਾ ਜਰਨਲ ਸੈਕਟਰੀ ਬਲਵਿੰਦਰ ਸਿੰਘ ਬਿੱਟਾ ਜੀ ਜ਼ਿਲ੍ਹਾ ਇੰਚਾਰਜ ਜੀਤ ਰਾਮ ਬਸਰਾ ਜੀ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਜੱਸੀ ਜੀ ਜ਼ਿਲ੍ਹਾ ਜਰਨਲ ਸੈਕਟਰੀ ਸੋਨੂੰ ਅੰਬੇਡਕਰੀ ਜੀ ਪੂਰਬੀ ਇੰਚਾਰਜ ਨਰੇਸ਼ ਬਸਰਾ ਜੀ ਵੱਲੋ ਉਮੀਦਵਾਰ ਨੂੰ ਪਾਰਟੀ ਦੀ ਟਿਕਟ ਦਿੰਦੇ ਹੋਏ ਨਾਲ ਨਾਲ ਅਸੀਰਵਾਦ ਦੇ ਕੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਜਿੰਮੇਵਾਰੀ ਨਾਲ ਚੋਣ ਦੀ ਲੜਾਈ ਲੜ ਕੇ ਬਹਾ-ਦਰਕੇ ਬਲਾਕ ਜਿੱਤ ਕੇ ਪਾਰਟੀ ਦੇ ਮਾਣਯੋਗ ਸੂਬਾ ਪ੍ਰਧਾਨ ਜੀ ਦੀ ਝੋਲੀ ਵਿੱਚ ਪਾਉਣ ਲਈ ਜਿੰਮੇਵਾਰ ਦਿੱਤੀ ਸਮੁੱਚੀ ਜਿਲ੍ਹਾ ਲੀਡਰਸ਼ਿਪ ਵੱਲੋ ਉਮੀਦਵਾਰ ਨੂੰ ਹਰ ਪੱਖੀ ਸਹਿਯੋਗ ਦੇਣ ਦਾ ਵੀ ਭਰੋਸਾ ਦਿੱਤਾ ਗਿਆ ਲ

" ਬਾਬਾ ਸਾਹਿਬ ਜੀ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ "

ਹੁਣ ਵਕਤ ਆਇਆ ਹੈ ਬਾਬਾ ਸਾਹਿਬ ਜੀ ਦੇ ਸੱਚੇ ਪੈਰੋਕਾਰਾਂ ਨੂੰ ਪਰਖਣ ਦਾ ਦੇਖਦੇ ਹਾਂ ਕੌਣ ਕੌਣ ਸਾਥ ਦੇਵੇਗਾ ਬਾਬਾ ਸਾਹਿਬ ਜੀ ਦੇ ਹਾਥੀ (ਮਿਸ਼ਨ) ਦਾ

ਜੋ ਲੋਕ ਜਿਲ੍ਹਾ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਜੱਸੀ ਬਾਰੇ ਫੇਸਬੁੱਕ ਯਾਂ ਸੋਸਿਲ ਮੀਡੀਆ ਤੇ ਗ਼ਲਤ ਅਫਵਾਵਾਂ ਫੈਲਾਉਂਦੇ ਸੀ ਕਿ ਚੋਣਾ ਵਿੱਚ ਉਮੀਦਵਾਰ ਨਾ ਖੜ੍ਹਾ ਕਰ ਕੇ ਪਾਰਟੀ ਦੀ 2200 ਵੋਟਾਂ ਦਾ ਨੁਕਸਾਨ ਕਰਵਾਇਆ ਹੈ ਹੁਣ ਓਹਨਾਂ ਸੂਜਵਾਨ ਸਾਥੀਆਂ ਨੂੰ ਅਪੀਲ ਕਰਦਾ ਹਾਂ ਕਿ ਹੁਣ ਬਸਪਾ ਦਾ ਹਾਥੀ ਮੈਦਾਨ ਵਿੱਚ ਆ ਗਿਆ ਹੈ ਚੱਲੋ ਹੁਣ ਹਾਥੀ ਨਾਲ

ਹਾਂ ਹੁਣ ਕੋਈ ਹੋਰ ਬਹਾਨਾ ਲਾ ਕੇ ਪਿੱਛੇ ਨਾ ਹਟਿਓ ਬਾਬੇ ਸਾਹਿਬ ਜੀ ਦੇ ਸੱਚੇ ਪੈਰੋਕਾਰੋ ਹੋਣ ਦਾ ਸਬੂਤ ਦਿਓਗੇ ਉਮੀਦ ਕਰਦਾ ਹਾਂ ਤੁਹਾਡੇ ਤੇ

"ਬਾਬਾ ਸਾਹਿਬ ਕਾ ਦੂਸਰਾ ਨਾਮ
ਕਾਂਸੀ ਰਾਮ ਕਾਂਸੀ ਰਾਮ "

ਮਾਣਯੋਗ ਭੈਣ ਕੁਮਾਰੀ ਮਾਇਆਵਤੀ ਜੀ ਜ਼ਿੰਦਾਬਾਦ ਜ਼ਿੰਦਾਬਾਦ

" ਬੀ ਐਸ ਪੀ ਕੀ ਕਿਆ ਪਹਿਚਾਣ ਨੀਲਾ ਝੰਡਾ ਹਾਥੀ ਨਿਸ਼ਾਨ "

**ਬੇਨਤੀ ਕਰਤਾ**

ਮੀਡੀਆ ਇੰਚਾਰਜ ਬੁਹਜਨ ਸਮਾਜ ਪਾਰਟੀ ਲੁਧਿਆਣਾ ਬਿੱਟੂ ਸ਼ੇਰਪੁਰੀਆ

# ਇੱਕ ਚੀਨੀ ਲੋਕ ਕਹਾਣੀ

### ਭਵਿੱਖ ਬਾਣੀ ਕਰਨ ਵਾਲ਼ੇ ‘ਬਾਬੇ’ ਨੇ ਦੱਸਿਆ ‘ਗੁਪਤੀ-ਮੰਤਰ’!

ਇਲਾਕੇ ਵਿੱਚ ਇਕ ਸੰਤ ਦੀ ਬੜੀ ਮਸ਼ਹੂਰੀ ਸੀ ਕਿ ਉਹ ਉਂਗ਼ਲੀਆਂ ਦੇ ਇਸ਼ਾਰੇ ਨਾਲ ਭਵਿੱਖ ਦੱਸਦਾ ਹੈ!ਤਿੰਨ ਮੁੰਡੇ ਪੇਪਰ ਦੇ ਕੇ ਉਸ ਸੰਤ ਕੋਲ ਚਲੇ ਗਏ।ਪੁੱਛਿਆ ਕਿ ਬਾਬਾ ਜੀ ਅਸੀਂ ਪਾਸ ਹੋਵਾਂ ਗੇ ਕਿ ਫੇਲ੍ਹ ?ਬਾਬੇ ਨੇ ਇਸ਼ਾਰੇ ਮਾਤਰ ਇੱਕ ਉਂਗਲੀ ‘ਤਾਂਹ ਨੂੰ ਖੜ੍ਹੀ ਕਰ ਦਿੱਤੀ ! ਕੁੱਝ ਦਿਨਾਂ ਬਾਅਦ ਨਤੀਜਾ ਆਇਆ ਤਾਂ ਤਿੰਨੋਂ ਮੁੰਡੇ ਲੱਡੂਆਂ ਦੇ ਡੱਬੇ ਲੈ ਕੇ ਬਾਬੇ ਦੇ ਚਰਨਾਂ ‘ਚ ਜਾ ਪਹੁੰਚੇ ਕਿਉਂ ਕਿ ਉਹ ਤਿੰਨੇਂ ਜਣੇ ਪਾਸ ਹੋ ਗਏ ਸਨ!ਖੁਸ਼ੀ ‘ਚ ਖੀਵੇ ਹੋਏ ਤਿੰਨੇਂ ਈ ਬਾਬੇ ਨੂੰ ਕਹਿੰਦੇ ਕਿ ਤੁਸੀਂ ਇੱਕ ਉਂਗ਼ਲੀ ਖੜ੍ਹੀ ਕਰਕੇ ਸਾਡਾ ਤੇਹਾਂ 6ਦਾ ਇੱਕੋ ਜਿਹਾ ਨਤੀਜਾ ਆਉਣ ਦੀ ਪੇਸ਼ੀਨਗੋਈ ਕਰ’ਤੀ ਸੀ,ਜੋ ਸੌ ਪ੍ਰਤੀਸ਼ਤ ਸੱਚ ਸਾਬਤ ਹੋਈ ਹੈ ਜੀ!! ਉਨ੍ਹਾਂ ‘ਚੋਂ ਦੋ ਮੁੰਡੇ ਤਾਂ ਬਾਬੇ ਦਾ ਸ਼ੁਕਰਾਨਾ ਕਰਕੇ ਘਰਾਂ ਨੂੰ ਚਲੇ ਗਏ ਪਰ ਇਕ ਜਣਾ ਬਾਬੇ ਦੇ ਖਹਿੜੇ ਪੈ ਗਿਆ ਅਖੇ ਮਹਾਰਾਜ ਜੀ! ਮੈਂ ਨੀ ਹੁਣ ਕੋਈ ਹੋਰ ਪੜ੍ਹਾਈ ਕਰਨੀਂ,ਬਸ ਮੈਨੂੰ ਤਾਂ ਭਵਿੱਖ ਜਾਨਣ ਦੀ ਵਿੱਦਿਆ ਸਿਖਾ ਦਿਉ !!

ਪਹਿਲਾਂ ਤਾਂ ਬਾਬਾ ਟਾਲ਼ੇ-ਬੁੱਤੇ ਜਿਹੇ ਕਰੀ ਗਿਆ ਪਰ ਜਦ ਮੁੰਡਾ ਖਹਿੜੇ ਈ ਪੈ ਗਿਆ ਤਾਂ ਉਹ ਕਹਿੰਦਾ-

“ਕਾਕਾ ਇਹ ‘ਇਕ ਉਂਗ਼ਲੀ’ ਦਾ ਹੀ ਖੇਡ੍ਹ ਹੈ !ਇਹ ਸ਼ਰਧਾਲੂਆਂ ਦੀ ‘ਮੰਦ-ਬੁੱਧੀ’ ਹੀ ਮੇਰੀ ਇੱਕ ਉਂਗ਼ਲੀ ਦੇ ਆਪੋ ਆਪਣੇ ਅਰਥ ਕੱਢ ਲੈਂਦੀ ਐ !

ਪਾਸ ਹੋਣ ਦੀ ਥਾਂਹ ਜੇ ਤੁਸੀਂ ਤਿੰਨੋਂ ਫੇਲ੍ਹ ਹੋ ਜਾਂਦੇ ਤਾਂ ਵੀ ਤੁਸੀਂ ਤਿੰਨਾਂ ਨੇ ਸੋਚ ਲੈਣਾ ਸੀ ਬਾਬਾ ਜੀ ਦਾ ਇਸ਼ਾਰਾ ਸਾਡੇ ਤਿੰਨਾਂ ਲਈ ਸੱਚਾ ਹੋ ਗਿਆ.......!”

ਬਾਬੇ ਨੂੰ ਟੋਕਦਿਆਂ ਮੁੰਡਾ ਕਹਿੰਦਾ-‘ਜੀ ਜੇ ਸਾਡੇ ‘ਚੋਂ ਦੋ ਜਣੇ ਪਾਸ ਜਾਂ ਦੋ ਫੇਲ੍ਹ ਹੁੰਦੇ ਫਿਰ ? ਫਿਰ ਤੁਹਾਡੀ ਇੱਕ ਉਂਗ਼ਲੀ ਖੜ੍ਹੀ ਕਰਨ ਦਾ ਕੀ ਬਣਦਾ ?’

ਹੱਸ ਕੇ ਬਾਬਾ ਕਹਿੰਦਾ-“ਫਿਰ ਫੇਲ੍ਹ/ਪਾਸ ਹੋਏ,ਇਕ ਜਣੇ ਨੇ ਮੇਰਾ ਪੈਰਾਂ ‘ਚ ਆ ਬਹਿਣਾ ਸੀ !”

**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
9417422349

# ਥਾਣਾ ਮੇਹਟੀਆਣਾਨਦੀ ਪੁਲਿਸ ਨੇ ਚੋਰੀ ਦੀਆਂ ਵਾਰਦਾਤਾਂ ਕਰਨ ਵਾਲ੍ਹੇ ਕਥਿਤ ਦੋਸ਼ੀਆਂ ਨੂੰ ਕੀਤਾ ਰੰਗੇ ਹੱਥੀ ਕਾਬੂ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਸੰਦੀਪ ਮਲਿਕ ਆਈ.ਪੀ.ਐਸ.ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਵੱਲੋ ਦਿੱਤੇ ਦਿਸ਼ਾ ਨਿਰਦੇਸਾ ਅਤੇ ਪਰਮਿੰਦਰ ਸਿੰਘ ਪੀ.ਪੀ.ਐਸ,ਐਸ. ਪੁਲਿਸ ਕਪਤਾਨ ਤਫਤੀਸ਼ ਦੀ ਰਹਿਨੁਮਾਈ ਹੇਠ ਚੋਰੀ ਦੀਆਂ ਵਾਰਦਾਤਾਂ ਕਰਨ ਵਾਲੇ ਵਿਅਕਤੀਆ ਦੇ ਖਿਲਾਫ ਮੁਹਿੰਮ ਸੁਰੂ ਕੀਤੀ ਗਈ ਹੈ ।

ਇਸ ਮੁਹਿੰਮ ਤਹਿਤ ਪਲਵਿੰਦਰ ਸਿੰਘ ਉਪ ਪੁਲਿਸ ਕਪਤਾਨ ਚੱਬੇਵਾਲ ਦੇ ਦਿਸ਼ਾ ਨਿਰਦੇਸ਼ਾ ਤੇ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਵੱਲੋਂ ਉਚ ਅਫਸਰਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ 2/3 ਦਸੰਬਰ ਦਰਮਿਆਨੀ ਰਾਤ ਨੂੰ ਕੁੱਝ ਨਾ-ਮਾਲੂਮ ਵਿਅਕਤੀਆਂ ਵੱਲੋ ਗੁਰੂਦੁਆਰਾ ਸ੍ਰੀ ਗੁਰ ਸ਼ਬਦ ਪ੍ਰਕਾਸ਼ ਪਿੰਡ ਅਜੜਾਮ ਵਿੱਚੋ ਗੋਲਕ ਚੁੱਕ ਕੇ ਲੈ ਜਾਣ ਵਾਲੇ ਚੋਰਾਂ ਨੂੰ ਗ੍ਰਿਫਤਾਰ ਕੀਤਾ ਗਿਆ।

ਉਹਨਾਂ ਦੱਸਿਆ ਕਿ ਉਕਤ ਚੋਰੀ ਦੀ ਵਾਰਦਾਤ ਸਬੰਧੀ ਗੁਰੂਦੁਆਰਾ ਸਾਹਿਬ ਵਿੱਚ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਦੀ ਫੁਟੇਜ ਪਿੰਡ ਅਜੜਾਮ ਦੇ ਵਾਸੀਆਂ ਅਤੇ ਏ.ਐਸ.ਆਈ ਗੁਲਸ਼ਨ ਕੁਮਾਰ ਸਮੇਤ ਸਾਥੀ ਕਰਮਚਾਰੀਆਂ ਵੱਲੋ ਚੈਕ ਕਰਕੇ ਜਸਪ੍ਰੀਤ ਸਿੰਘ ਉਰਫ ਜੱਸਾ ਪੁੱਤਰ ਹਰਮੇਸ਼ ਸਿੰਘ, ਲਖਵੀਰ ਸਿੰਘ ਉਰਫ ਨੋਨੀ ਪੁੱਤਰ ਹਰਭਜਨ ਸਿੰਘ ਅਤੇ ਜਸਮੀਤ ਸਿੰਘ ਉਰਫ ਜੱਸੀ ਪੁੱਤਰ ਸੁਖਚੈਨ ਸਿੰਘ ਨੂੰ ਕਾਬੂ ਕੀਤਾ ਗਿਆ !

ਉਹਨਾਂ ਦੱਸਿਆ ਕਿ ਫੜੇ ਗਏ ਉਕਤ ਵਿਅਕਤੀ ਨੇ ਪੁੱਛਗਿੱਛ ਦੌਰਾਨ ਉਕਤ ਵਾਰਦਾਤ ਕਬੂਲ ਕੀਤੀ । ਉਹਨਾਂ ਦੱਸਿਆ ਕਿ ਤਿੰਨੇ ਕਥਿਤ ਦੋਸ਼ੀਆਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 1 ਦਿਨ ਦਾ ਪੁਲਿਸ ਰਿਮਾਡ ਹਾਸਿਲ ਕੀਤਾ ਗਿਆ ਅਤੇ ਤਿੰਨੇ ਕਥਿਤ ਦੋਸ਼ੀਆਨ ਦੇ ਇਕਸ਼ਾਫ ਤੇ ਉਹਨਾਂ ਦੀ ਨਿਸ਼ਾਨਦੇਹੀ ਤੇ ਵਾਰਦਾਤ ਵਿੱਚ ਵਰਤਿਆ ਦਾਤਰ, ਰਾਡ ਲੋਹਾ ਅਤੇ ਚੋਰੀ ਸ਼ੁਦਾ ਰੁਪਏ ਬਰਾਮਦ ਕੀਤੇ ਗਏ ਹਨ ।

**ਫੋਟੋ ਅਜਮੇਰ ਦੀਵਾਨਾ**

# ਮੋਬਾਈਲ ਤੋ ਦੂਰ ਰਹਿਣ ਵਾਲੇ ਬੱਚੇ ਹੀ ਪੜ੍ਹਾਈ ਦੀ ਮੰਜਿਲ ਨੂੰ ਸਰ ਕਰ ਸਕਦੇ ਹਨ : ਡਾ. ਆਸ਼ੀਸ਼ ਸਰੀਨ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਬੱਚੇ ਮੋਬਾਇਲ ਫੋਨਾਂ ਦੀ ਵੱਡੀ ਪੱਧਰ ਤੇ ਵਰਤੋਂ ਕਰ ਰਹੇ ਹਨ, ਜਿਸ ਕਾਰਨ ਉਹਨਾਂ ਦੇ ਦਿਮਾਗ, ਨਿਗਾਹ ਅਤੇ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ ਤੇ ਪੈ ਰਿਹਾ ਹੈ ! ਇਹਨਾਂ ਗੱਲਾ ਦਾ ਪ੍ਰਗਟਾਵਾ "ਹਿਜ਼ ਐਕਸੀਲੈਂਟ ਐਡ ਕੋਚਿੰਗ ਸੈਂਟਰ" ਅਤੇ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾ ਦੇ ਐਮ ਡੀ ਡਾ. ਆਸ਼ੀਸ਼ ਸਰੀਨ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ! ਉਹਨਾਂ ਕਿਹਾ ਕਿ ਅਜੋਕੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਛੋਟੇ ਬੱਚੇ ਜਿੱਦ ਕਰਕੇ ਆਪਣੇ ਮਾਪਿਆਂ ਤੋਂ ਮੋਬਾਇਲ ਫੋਨ ਤਾ ਲੈ ਲੈਂਦੇ ਹਨ ਅਤੇ ਕਾਰਟੂਨ,ਗੇਮਾਂ ਵਗੈਰਾ ਵੇਖਣ ਦੀ ਬਜਾਏ ਇੰਟਰਨੈਟ ਦੀ ਸਹੂਲਤ ਨਾਲ ਕੀ ਕੁਝ ਵੇਖਦੇ ਰਹਿੰਦੇ ਹਨ, ਜਿਸ ਕਾਰਨ ਬੱਚੇ ਛੋਟੀ ਉਮਰ ਵਿੱਚ ਹੀ ਗਲਤ ਰਸਤੇ ਪੈ ਜਾਦੇ ਹਨ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਦਾ ਜਿੱਥੇ ਸਾਨੂੰ ਬਹੁਤ ਵੱਡਾ ਫਾਇਦਾ ਹੈ ਉੱਥੇ ਬਹੁਤ ਵੱਡੇ ਪੱਧਰ ਤੇ ਨੁਕਸਾਨ ਵੀ ਹੁੰਦਾ ਹੈ! ਉਹਨਾਂ ਕਿਹਾ ਸਾਡੇ "ਹਿਜ਼ ਐਕਸੀਲੈਂਟ ਐਡ ਕੋਚਿੰਗ ਸੈਂਟਰ" ਅਤੇ ਸੇਂਟ ਕਬੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਗਰਾ ਦੇ ਸਾਰੇ ਅਧਿਆਪਕ ਸਕੂਲ ਵਿੱਚ ਪੜ੍ਹਦੇ ਸਾਰੇ ਵਿਦਿਆਰਥੀਆ ਨੂੰ ਮੋਬਾਈਲ ਤੋ ਦੂਰ ਰਹਿਣ ਲਈ ਪ੍ਰੇਰਦੇ ਰਹਿੰਦੇ ਹਨ ! ਉਹਨਾਂ ਕਿਹਾ ਕਿ ਪੜ੍ਹਾਈ ਕਰਦੇ ਬੱਚਿਆਂ ਨੂੰ ਘਰ ਜਾਕੇ ਵੀ ਮੋਬਾਇਲ ਫੋਨ ਤੋਂ ਦੂਰ ਰਹਿਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਮੋਬਾਈਲ ਤੋ ਦੂਰ ਰਹਿਣ ਵਾਲੇ ਬੱਚੇ ਹੀ ਪੜ੍ਹਾਈ ਦੀ ਮੰਜਿਲ ਨੂੰ ਸਰ ਕਰ ਸਕਦੇ ਹਨ ਉਹਨਾਂ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਤੇ ਮੋਬਾਈਲ ਵਰਤਣ ਤੇ ਸਖਤੀ ਨਾਲ ਪਬੰਦੀ ਲਾਈ ਜਾਵੇ !

for more news visit:
www.samajweekly.com

# ਬਾਮਸੇਫ ਅਤੇ ਡਾ.ਬੀ.ਆਰ ਅੰਬੇਡਕਰ ਵੈਲਫੇਅਰ ਟਰੱਸਟ ਜਗਰਾਉਂ ਵੱਲੋਂ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਮੌਕੇ ਜਗਰਾਉਂ ਵਿਖੇ ਸਨਮਾਨ ਸਮਾਰੋਹ

## ਅੰਬੇਡਕਰ ਭਵਨ ਵਿਖੇ ਵਿੱਦਿਅਕ ਮੁਕਾਬਲੇ ਦੇ ਸਕੂਲ ਪੱਧਰੀ ਮੈਰਿਟ ਵਿੱਚੋਂ ਟੌਪਰ ਵਿਦਿਆਰਥੀਆਂ ਦਾ ਕੀਤਾ ਗਿਆ ਸਨਮਾਨ












ਪ੍ਰਬੁੱਧ ਭਾਰਤ ਫਾਉਂਡੇਸ਼ਨ ਵੱਲੋਂ ਪਿਛਲੇ ਦਿਨੀ ਡਾਕਟਰ ਅੰਬੇਡਕਰ ਜੀ ਦੇ ਜੀਵਨ ਸੰਘਰਸ਼ ਅਧਾਰਿਤ ਪੁਸਤਕ ਪ੍ਰਤੀਯੋਗਤਾ ਦੇ ਟਾਪਰ ਵਿਦਿਆਰਥੀਆਂ ਦੇ ਸਮਾਰੋਹ ਹਿੱਤ ਹਿਤ ਡਾਕਟਰ ਬੀ ਆਰ ਅੰਬੇਡਕਰ ਭਵਨ ਜਗਰਾਉਂ ਵਿਖੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ,ਡਾ.ਸ਼ੁਭਾਸ਼ ਚੌਹਾਨ ਅਤੇ ਵਿਸ਼ੇਸ਼ ਮਹਿਮਾਨਾਂ ਵਜੋਂ ਡਾ. ਰਾਹੁਲ,ਡਾ. ਰਾਜਿੰਦਰ ਥਿੰਦ,ਡਾ.ਸੁਰਜੀਤ ਸਿੰਘ ਦੌਧਰ,ਆਰਟਿਸਟ ਪ੍ਰਿਤਪਾਲ ਸਿੰਘ, ਪ੍ਰਿੰਸੀਪਲ ਰੁਪਿੰਦਰ ਕੌਰ,ਹੈਡ ਮਿਸ.ਪੂਜਾ ਵਰਮਾ,ਪ੍ਰੋ ਕਰਮ ਸਿੰਘ ਸੰਧੂ,ਅਜੀਤ ਪਿਆਸਾ,ਡਾ.ਸੁਰਿੰਦਰ ਸਿੰਘ ਝੱਮਟ,ਪ੍ਰਿੰਸੀਪਲ ਗੁਰਦੇਵ ਕੌਰ ਨੇ ਬੱਚਿਆਂ ਨੂੰ ਇਨਾਮ ਅਤੇ ਸਰਟੀਫਿਕੇਟ ਤਕਸੀਮ ਕੀਤੇ। ਜਗਰਾਉਂ ਤਹਿਸੀਲ ਦੇ ਇਸ ਮੁਕਾਬਲੇ ਦੀ ਪ੍ਰੀਖਿਆ ਵਿੱਚ ਲਗਭਗ ਇੱਕ ਹਜ਼ਾਰ ਵਿਦਿਆਰਥੀਆਂ ਨੇ ਭਾਗ ਲਿਆ ਸੀ। ਇਸ ਸਮੇਂ ਮੁੱਖ ਮਹਿਮਾਨ ਸ਼ੁਭਾਸ਼ ਚੌਹਾਨ ,ਡਾ.ਰਾਜਿੰਦਰ ਥਿੰਦ,ਡਾ.ਰਾਹੁਲ ,ਡਾ.ਸੁਰਜੀਤ ਸਿੰਘ ਦੌਧਰ,ਪ੍ਰਿੰਸੀਪਲ ਰੁਪਿੰਦਰ ਕੌਰ ਹਾਂਸ,ਹੈਡ ਮਿਸ.ਪੂਜਾ ਵਰਮਾ ਅਤੇ ਆਰਟਿਸਟ ਪ੍ਰਿਤਪਾਲ ਸਿੰਘ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਟਰੱਸਟ ਦੇ ਪ੍ਰਧਾਨ ਰਣਜੀਤ ਸਿੰਘ ਹਠੂਰ,ਮੀਤ ਪ੍ਰਧਾਨ ਸੁਖਵਿੰਦਰ ਸਿੰਘ ਸਦਰ-ਪੁਰਾ,ਜਨਰਲ ਸਕੱਤਰ ਅਮਰਜੀਤ ਸਿੰਘ ਚੀਮਾ,ਕੈਸ਼ੀਅਰ ਜਸਵੰਤ ਰਾਏ ਕਮਲ, ਸਲਾਹਕਾਰ ਇਕਬਾਲ ਸਿੰਘ ਰਸੂਲਪੁਰ, ਸਲਾਹਕਾਰ ਸਤਨਾਮ ਸਿੰਘ ਹਠੂਰ, ਕੋਆਰਡੀਨੇਟਰ ਡਾ.ਜਸਵੀਰ ਸਿੰਘ, ਕੋਆਰਡੀਨੇਟਰ ਰਜਿੰਦਰ ਸਿੰਘ ਧਾਲੀਵਾਲ, ਸਰਪ੍ਰਸਤ ਘੁਮੰਡਾ ਸਿੰਘ,ਪ੍ਰੈੱਸ ਸਕੱਤਰ ਸਰਬਜੀਤ ਸਿੰਘ ਭੱਟੀ,ਜਗਸੀਰ ਸਿੰਘ ਹਠੂਰ,ਜਗਤਾਰ ਸਿੰਘ ਚੀਮਾ,ਸਰਪ੍ਰਸਤ ਬਲਵਿੰਦਰ ਸਿੰਘ ਚੋਪੜਾ,ਮੈਨੇਜਰ ਸਰੂਪ ਸਿੰਘ, ਕਰਮਜੀਤ ਸਿੰਘ ਢੋਲਣ,ਸਰਪੰਚ ਦਰਸ਼ਨ ਸਿੰਘ ਪੋਨਾ,ਡਾ.ਹਰਬੰਸ ਸਿੰਘ,ਸ਼੍ਰੀ ਅਮਰ ਨਾਥ ਆਦਿ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਚ ਹਲਕਾ ਅਮਰਗੜ ਤੋਂ ਕਾਂਗਰਸੀ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ : ਸੰਜੇ ਤਲਵਾੜ/ਸਮਿਤ ਮਾਨ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਪੰਜਾਬ ਸੂਬੇ ਅੰਦਰ ਹੋ ਰਹੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਹਲਕਾ ਅਮਰਗੜ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਤੇ ਦਿਨੀਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਹਲਕਾ ਅਮਰਗੜ੍ਹ ਦੇ ਕਾਂਗਰਸੀ ਉਮੀਦਵਾਰਾਂ ਨੂੰ ਕਾਂਗਰਸ ਪਾਰਟੀ ਦੀ ਟਿਕਟ ਵੰਡਣ ਦੇ ਸਮੇਂ ਸ਼੍ਰੀ ਸੰਜੇ ਤਲਵਾੜ (ਸਾਬਕਾ ਵਿਧਾਇਕ) ਕਾਂਗਰਸ ਪਾਰਟੀ ਦੇ ਅਬਜ਼ਵਰ ਹਲਕਾ ਅਮਰਗੜ੍ਹ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਬੁਲਾਰੇ ਤੇ ਇੰਚਾਰਜ ਕਾਂਗਰਸ ਹਲਕਾ ਅਮਰਗੜ੍ਹ ਸ ਸਮਿਤ ਸਿੰਘ ਮਾਨ ਵੱਲੋਂ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਗਿਆ। ਇਨ੍ਹਾਂ ਦੋਵੇਂ ਆਗੂਆਂ ਦੇ ਵਲੋਂ ਬਲਾਕ ਸੰਮਤੀ ਅਮਰਗੜ੍ਹ ਚੋਣਾਂ ਲਈ ਰਿਟਰਨਿੰਗ ਅਫਸਰ ਕਮ ਐਸ.ਡੀ.ਐਮ ਅਮਰਗੜ੍ਹ ਮੈਡਮ ਸਰਿੰਦਰ ਕੌਰ, ਜ਼ਿਲ੍ਹਾ ਪ੍ਰੀਸ਼ਦ ਦੇ ਮਾਲੇਰਕੋਟਲਾ



ਦੀਆਂ ਚੋਣਾਂ ਲਈ ਰਿਟਰਨਿੰਗ ਅਫਸਰ ਅਤੇ ਬਲਾਕ ਸੰਮਤੀ ਅਹਿਮਦਗੜ੍ਹ ਦੇ ਰਿਟਰਨਿੰਗ ਅਫਸਰ ਕਮ ਐਸ.ਡੀ.ਐਮ ਮਾਲੇਰਕੋਟਲਾ ਸ਼੍ਰੀ ਗੁਰਮੀਤ ਕੁਮਾਰ ਬਾਂਸਲ ਨਾਲ ਮੁਲਾਕਾਤ ਕਰਕੇ ਕਾਂਗਰਸ ਪਾਰਟੀ ਵਲੋਂ ਭੇਜੇ ਆਪਣੇ ਅਧਿਕਾਰਤ ਉਮੀਦਵਾਰਾਂ ਲਈ ਭੇਜੇ ਪਾਰਟੀ ਦੇ ਪੱਤਰ ਵੀ ਸੌਂਪੇ ਗਏ। ਇਸ ਮੌਕੇ ਜ਼ਿਲ੍ਹਾ ਮਾਲੇਰਕੋਟਲਾ ਕਾਂਗਰਸ ਦੇ ਪ੍ਰਧਾਨ ਸ਼੍ਰੀ ਜਸਪਾਲ ਦਾਸ, ਰਪਿੰਦਰ ਸਿੰਘ ਪਿੰਦੂ ਬਲਾਕ ਪ੍ਰਧਾਨ ਅਹਿਮਦਗੜ੍ਹ, ਸ ਲਾਲ਼ ਸਿੰਘ ਤੋਲੇਵਾਲ ਬਲਾਕ ਪ੍ਰਧਾਨ ਅਮਰਗੜ੍ਹ ਸਮੇਤ ਸਾਰੇ ਕਾਂਗਰਸੀ ਉਮੀਦਵਾਰ ਅਤੇ ਹੋਰ ਵੀ ਕਾਂਗਰਸੀ ਆਗੂ ਹਾਜ਼ਰ ਸਨ।

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸੰਵਿਧਾਨ ਦੀ ਸੁਰੱਖਿਆ ਦਾ ਪ੍ਰਣ ਲਿਆ ਗਿਆ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਿਵਨਾਥ ਦਰਦੀ** ) ਦੁਨੀਆ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਵਿਦਵਾਨਾਂ ਦੀ ਗਿਣਤੀ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਭਾਰਤ ਦਾ ਸੰਵਿਧਾਨ ਲਿਖਿਆ ਸੀ। ਇਹ ਸੰਵਿਧਾਨ ਦੁਨੀਆ ਵਿਚ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 06 ਦਸੰਬਰ 1956 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਛੇ ਦਸੰਬਰ ਨੂੰ ਉਨ੍ਹਾਂ ਦੇ ਨਾਮਲੇਵਾ ਅਤੇ ਸੂਝਵਾਨ ਵਿਅਕਤੀ ਭਾਰਤ ਸਮੇਤ ਸਾਰੀ ਦੁਨੀਆ ਵਿੱਚ ਪ੍ਰੀ-ਨਿਰਵਾਣ ਦਿਵਸ ਵਜੋਂ ਮਨਾਉਂਦੇ ਹਨ। ਇਸੇ ਤਰ੍ਹਾਂ ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਅੱਜ ਪ੍ਰੀ-ਨਿਰਵਾਣ ਦਿਵਸ ਮੌਕੇ ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਬਣੇ ਡਾ. ਅੰਬੇਡਕਰ ਪਾਰਕ ਵਿਖੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ। ਮਿਸ਼ਨ ਮੁਖੀ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ ਇਸ ਮੀਟਿੰਗ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਚੌ. ਬਲਬੀਰ ਸਿੰਘ ਤੋਂ ਇਲਾਵਾ ਪ੍ਰਦੀਪ ਧੂੜੀਆ ਪੈਟਰਨ ਅਤੇ ਬਲਜੀਤ ਸਿੰਘ ਕੋਆਪ੍ਰੇਟਿਵ ਆਦਿ ਮੈਂਬਰ ਮੌਜੂਦ ਸਨ। ਇਸ ਤੋਂ ਇਲਾਵਾ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਜਨ ਸਿਹਤ ਵਿਭਾਗ ਦੇ ਆਗੂ ਚਿੰਤ ਰਾਮ ਨਾਹਰ ਸਮੇਤ ਸਰੂਪ ਚੰਦ, ਹਰਭਜਨ ਸਿੰਘ ਮੱਕੜ, ਦੇਸ ਰਾਜ, ਜੈ ਸਿੰਘ, ਰਜਿੰਦਰ ਕੁਮਾਰ ਅਤੇ ਬਲਵੀਰ ਸਿੰਘ ਆਦਿ ਵੀ ਉਚੇ-ਚੇ ਤੌਰ 'ਤੇ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਟਿੰਗ ਦੌਰਾਨ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਚੀਫ ਸੁਪਰਵਾਈਜਰ ਡਾ. ਦਿਲਬਾਗ ਸਿੰਘ ਬਾਗੀ ਖਿੜਗੀਆਂਵਾਲਾ, ਦੇਸ ਰਾਜ ਪੇਂਟਰ ਅਤੇ ਗੁਰਮੇਲ ਸਿੰਘ ਆਦਿ ਨੇ ਵੀ ਸ਼ਿਰਕਤ ਕੀਤੀ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਸ਼ਿਗਾਰਾ ਸਿੰਘ ਔਲਖ, ਸੁਖਦੇਵ ਸਿੰਘ ਔਲਖ, ਬਲਬੀਰ ਸਿੰਘ ਔਲਖ, ਜਗਸੀਰ ਸਿੰਘ ਘਾਲੀ ਅਤੇ ਖੁਸ਼ਹਾਲ ਸਿੰਘ ਵੰਗਲ ਆਦਿ ਨੇ ਵੀ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਭੇਂਟ ਕਰਕੇ ਸ਼ਰਧਾਂਜਲੀ ਅਰਪਿਤ ਕੀਤੀ। ਉਕਤ ਜਾਣਕਾਰੀ ਦਿੰਦੇ ਹੋਏ ਢੋਸੀਵਾਲ ਨੇ ਦੱਸਿਆ ਹੈ ਕਿ ਮੀਟਿੰਗ ਦੌਰਾਨ ਮਿਸ਼ਨ ਮੈਂਬਰਾਂ ਸਮੇਤ ਸਾਰਿਆਂ ਨੇ ਸੰਵਿਧਾਨ ਦੀ ਸੁਰੱਖਿਆ ਅਤੇ ਇਸ ਨੂੰ ਸਹੀ ਢੰਗ ਨਾਲ ਲਾਗੂ ਕਰਵਾਏ ਜਾਣ ਦਾ ਪ੍ਰਣ ਵੀ ਲਿਆ। ਇਸ ਮੌਕੇ ਸਮੂਹ ਬੁਲਾਰਿਆਂ ਨੇ ਡਾ. ਅੰਬੇਡਕਰ ਨੂੰ ਸਮੁੱਚੇ ਸਮਾਜ ਲਈ ਮਾਰਗ ਦਰਸ਼ਕ ਕਰਾਰ ਦਿੱਤਾ। ਮੁੱਖ ਰੂਪ 'ਚ ਆਪਣੇ ਸੰਬੋਧਨ ਵਿੱਚ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਭਾਰਤੀ ਸੰਵਿਧਾਨ ਅੰਦਰ ਔਰਤਾਂ ਸਮੇਤ ਸਾਰਿਆਂ ਨੂੰ ਸਮਾਨਤਾ ਅਤੇ ਵੋਟ ਦਾ ਅਧਿਕਾਰ, ਔਰਤਾਂ ਲਈ ਪ੍ਰਸੂਤਾ ਛੁੱਟੀ, ਮਜਦੂਰਾਂ ਲਈ ਕੰਮ ਦੇ ਘੰਟੇ ਨਿਸਚਿਤ ਕਰਨ ਅਤੇ ਹਜ਼ਾਰਾਂ ਸਾਲ ਤੋਂ ਦੱਬੇ ਕੁਚਲੇ ਲੋਕਾਂ ਨੂੰ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਬਰਾਬਰ ਕਰਨ ਲਈ ਸਰਕਾਰੀ ਨੌਕਰੀਆਂ ਅਤੇ ਰਾਜਨੀਤੀ ਵਿੱਚ ਰਾਖਵੇਂਕਰਨ ਦਾ ਅਧਿਕਾਰ ਦਿੱਤਾ ਸੀ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਡਾ. ਅੰਬੇਡਕਰ ਦੀ ਸਮੁੱਚੇ ਸਮਾਜ ਨੂੰ ਦਿੱਤੀ ਦੇਣ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ ਅਤੇ ਸਮੁੱਚੇ ਦੇਸ਼ ਵਾਸੀ ਸਦਾ ਉਨ੍ਹਾਂ ਦੇ ਰਿਣੀ ਰਹਿਣਗੇ। ਸਾਨੂੰ ਸਾਰਿਆਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ 'ਤੇ ਚੱਲਣਾ ਚਾਹੀਦਾ ਹੈ। ਅਜਿਹਾ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ।

## ਵੈਨਕੂਵਰ ਵਾਈਟਸ ਕੈਪਸ ਦੀ ਟੀਮ ਪਹਿਲੀ ਵਾਰ ਐਮ ਐਲ ਐਸ ਕੱਪ ਦੇ ਫਾਈਨਲ ਮੁਕਾਬਲੇ ਵਿੱਚ ਪੁਜੀ



**ਸੈਮੀਫਾਈਨਲ ਮੁਕਾਬਲੇ ਚੋਂ ਜੇਤੂ ਰਹਿਣ ਵਾਲੀ ਟੀਮ ਦੀ ਇੱਕ ਤਸਵੀਰ**

**ਵੈਨਕੂਵਰ, (ਮਲਕੀਤ ਸਿੰਘ)–** ਕਨੇਡਾ ਦੇ ਮਹਾਨਗਰ ਵੈਨਕੂਵਰ ਦੇ ਵਿੱਚ ਆਯੋਜਤ ਕੌਮਾਂਤਰੀ ਪੱਧਰ ਦੇ ਫੁਟਬਾਲ ਮੁਕਾਬਲਿਆਂ ਦੌਰਾਨ ਵੈਨਕੂਵਰ ਵਾਈਟ ਕੈਪਸ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ ਐਮ ਐੱਲ ਐਸ ਕੱਪ ਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ ਜਿਸ ਉਪਰੰਤ ਫੁਟਬਾਲ ਪ੍ਰੇਮੀਆਂ ਚ ਖੁਸ਼ੀ ਦਾ ਆਲਮ ਵੇਖਿਆ ਜਾ ਰਿਹਾ ਇਸ ਸੈਮੀਫਾਈਨਲ ਮੁਕਾਬਲੇ ਦੌਰਾਨ ਵਾਈਸ ਕੈਪਸ ਦੀ ਟੀਮ ਵੱਲੋਂ ਸ਼ੁਰੂ ਤੋਂ ਹੀ ਖੇਡ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ ਪਹਿਲੇ ਹਾਫ ਵਿੱਚ ਵਿਰੋਧੀ ਸੈਂਡੀਆਗਿਓ ਐਫਸੀ ਨੂੰ ਤਿੰਨ ਇੱਕ ਨਾਲ ਹਰਾ ਕੇ ਜਿੱਤ ਹੋਣੀ ਨਿਸ਼ਚਿਤ ਕਰ ਲਈ ਸੀ ਇਸ ਮਗਰੋਂ ਵੈਨਕੂਵਰ ਵਾਈਟ ਕੈਪਸ ਦੀ ਟੀਮ ਐਮ ਐਲ ਐਸ ਕੱਪ ਦੇ ਫਾਈਨਲ ਤੱਕ ਪਹੁੰਚ ਕੇ ਨਵਾਂ ਇਤਿਹਾਸ ਸਿਰਜਿਆ ਗਿਆ ਫਾਈਨਲ ਮੁਕਾਬਲਾ ਹੁਣ ਇੰਟਰਮਿਆਮੀ ਸੀਐਫ ਦੇ ਖਿਲਾਫ ਖੇਡਿਆ ਜਾਵੇਗਾ ਜਿੱਥੇ ਕਮਾਂਤਰੀ ਪ੍ਰਸਿੱਧੀ ਪ੍ਰਾਪਤ ਖਿਡਾਰੀ ਆਮੋ ਸਾਹਮਣੇ ਹੋਣਗੇ।

## ਭਾਰਤੀ ਹਾਈ ਕਮਿਸ਼ਨਰ ਵੈਨਕੂਵਰ ਗੁਰੂ ਘਰ ਚ ਪੁੱਜੇ



**ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਯਾਦਗਾਰੀ ਤਸਵੀਰ ਖਿਚਵਾਉਂਦੇ ਹੋਏ ਦਿਨੇਸ਼ ਪਟਨਾਇਕ ਅਤੇ ਉਨਾਂ ਦੀ ਪਤਨੀ।**

**ਵੈਨਕੂਵਰ, (ਮਲਕੀਤ ਸਿੰਘ)–** ਕਨੇਡਾ ਚ ਭਾਰਤ ਦੇ ਨਵ ਨਿਯੁਕਤ ਹਾਈ ਕਮਿਸ਼ਨਰ ਸ੍ਰੀ ਦਨੇਸ਼ ਪਟਨਾਇਕ ਵੈਨਕੂਵਰ ਸਥਿਤ ਖਾਲਸਾ ਦੀਵਾਨ ਸੁਸਾਇਟੀ ਗੁਰੂਘਰ ਚ ਨਤਮਸਤਕ ਹੋਣ ਲਈ ਪੁੱਜੇ ਜਿੱਥੇ ਕਿ ਉਕਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ ਇਸ ਮੌਕੇ ਤੇ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਉਹਨਾਂ ਦੇ ਮਨ ਵਿੱਚ ਗੁਰੂ ਸਾਹਿਬਾਨ ਅਤੇ ਸਿੱਖ ਭਾਈਚਾਰੇ ਪ੍ਰਤੀ ਬੇਹਦ ਸਤਿਕਾਰ ਦੀ ਭਾਵਨਾ ਹੈ ਭਾਰਤ ਕਨੇਡਾ ਦੇ ਆਪਸੀ ਸਬੰਧਾਂ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਦੋਹਾਂ ਮੁਲਕਾਂ ਦੇ ਵਿੱਚ ਚੰਗੇ ਸੰਬੰਧ ਹੋਣ ਨਾਲ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਨਾਲ ਨਾਲ ਦੋਹਾਂ ਦੇਸ਼ਾਂ ਦੇ ਨਾਗਰਿਕਾਂ ਦਾ ਵੀ ਕਈਆਂ ਪੱਖਾਂ ਤੋਂ ਫਾਇਦਾ ਹੋਣਾ ਸੁਭਾਵਿਕ ਹੈ ਅਖੀਰ ਉਕਤ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਿਨੇਸ਼ ਪਟਨਾਇਕ ਅਤੇ ਉਨਾਂ ਦੀ ਪਤਨੀ ਨੂੰ ਸਿਰੋਪਾਓ ਵੀ ਭੇਟ ਕੀਤੇ ਗਏ।



ਬਹੁਜਨ ਸਮਾਜ ਪਾਰਟੀ ਬਲਾਕ ਸਮਤੀ ਅਲੀਪੁਰ ਤੋਂ ਕੈਂਡੀਡੇਟ ,ਸ਼ਿਰੀਮਤੀ ਸੰਦੀਪ ਕੌਰ ਅਤੇ ਜ਼ਿਲਾ ਪ੍ਰੀਸ਼ਦ ਜਮਸ਼ੇਰ ਤੋਂ ਕੈਂਡੀਡੇਟ ਸ੍ਰੀ ਸਤਨਾਮ ਬੰਬੀਆਂਵਾਲ ਜੀ ਨੂੰ ਡੇਰਾ ਸੰਤ ਬਾਬਾ ਫੂਲ ਨਾਥ ਜੀ ਬਾਬਾ ਬ੍ਰਹਮ ਨਾਥ ਜੀ ਦੇ ਗੱਦੀ ਨਸ਼ੀਨ ਸਤਿਕਾਰ ਜੋਗ ਸੰਤ ਕ੍ਰਿਸ਼ਨ ਨਾਥ ਜੀ ਵੱਲੋਂ ਮਿਲਿਆ ਆਸ਼ੀਰਵਾਦ,ਜੈ ਭੀਮ ਜੈ ਭਾਰਤ



ਜਲੰਧਰ ਕੈਂਟ। ਬਹੁਜਨ ਸਮਾਜ ਪਾਰਟੀ ਹਲਕਾ ਇੰਚਾਰਜ ਹਰਜਿੰਦਰ ਬੰਗਾ ਦਿਹਾਤੀ ਪ੍ਰਧਾਨ ਪਰਮਜੀਤ ਦਾਦੂਵਾਲ ਅਤੇ ਮਹਿਲਾ ਵਿੰਗ ਪ੍ਰਧਾਨ ਜਲੰਧਰ ਸ਼ਹਿਰੀ ਸਤਨਾਮ ਕੌਰ ਅਤੇ ਮਹਿਲਾ ਵਿੰਗ ਪ੍ਰਧਾਨ ਕੈਂਟ ਨਿੰਦਰ ਵਲੋਂ ਅਤੇ ਬਲਾਕ ਸੰਮਤੀ ਅਲੀਪੁਰ ਕੈਂਡੀਡੇਟ (ਸੰਦੀਪ ਕੌਰ)ਅਤੇ ਜਿਲ੍ਹਾ ਪ੍ਰੀਸ਼ਦ ਜਮਸ਼ੇਰ ਕੈਂਡੀਡੇਟ (ਸਤਨਾਮ ਬੰਬੀਆਂਵਾਲ)ਅਤੇ ਨਗਰ ਨਿਵਾਸੀਆਂ ਵਲੋਂ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਤੇ ਫੁੱਲ ਮਾਲਾ ਅਰਪਿਤ ਕੀਤੀ ਗਈ ।ਪਿੰਡ ਵਾਸੀਆਂ ਵਲੋਂ ਮਿਲਿਆ ਭਰਮਾ ਹੁੰਘਾਰਾ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਮੰਡੀ ਕਲਾਂ ਵਿਚ ਵਿਸ਼ਾਲ ਮੈਡੀਕਲ ਕੈਂਪ

## ਪਿੰਡ ਕੁੱਤੀਵਾਲ ਵਿਖੇ ਜਲਦ ਹੀ ਲੱਗੇਗਾ ਵਿਸ਼ਾਲ ਮੈਡੀਕਲ ਕੈਂਪ – ਪ੍ਰੋ ਜੇ. ਐਸ ਬਰਾੜ

ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ, ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ, ਡਾਇਰੈਕਟਰ ਸਿਹਤ ਸੇਵਾਵਾਂ ਡਾ. ਦਲਜੀਤ ਸਿੰਘ ਗਿੱਲ ਅਤੇ ਡਾ. ਆਰ.ਐਸ. ਅਟਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਲੋਕਲ ਗੁਰਦੁਆਰਾ ਸਾਹਿਬ ਮੰਡੀ ਕਲਾਂ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਪ੍ਰਧਾਨ ਬਠਿੰਡਾ ਇਕਾਈ ਅਤੇ ਪ੍ਰਧਾਨ ਮਾਲਵਾ ਜੋਨ ਪ੍ਰੋ: ਜਸਵੰਤ ਸਿੰਘ ਬਰਾੜ ਨੇ ਕੀਤਾ ਗਿਆ । ਇਸ ਵਿਚ ਅਪੈਕਸ ਹਸਪਤਾਲ ਰਾਮਪੁਰਾ ਡਾਕਟਰ ਨਿਖਿਲ ਜੌੜਾ ਵਲੋਂ ਮਰੀਜਾਂ 103ਦਾ ਚੈਕਅੱਪ ਕੀਤਾ ਗਿਆ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਮਰੀਜਾਂ ਨੂੰ ਸਾਰੀਆਂ ਦਵਾਈਆਂ ਮੁਫਤ ਦਿੱਤੀਆਂ ਗਈਆਂ। ਸਿਪਲਾ ਕੰਪਨੀ ਵਲੋਂ ਫੇਫੜਿਆਂ ਦੀ ਜਾਂਚ ਦਾ ਸਫੈਰੋਮੀਟਰੀ ਟੈਸਟ ਮੁਫਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਿਲ੍ਹਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਟਰੱਸਟ ਵਲੋਂ ਹਰ 15 ਦਿਨਾਂ ਬਾਅਦ ਇਸ ਤਰ੍ਹਾਂ ਮੁਫਤ ਮੈਡੀਕਲ ਕੈਂਪ ਲਗਾਇਆ ਜਾਂਦਾ ਹੈ। ਟਰੱਸਟ ਵਲੋਂ ਬਠਿੰਡਾ ਜਿਲ੍ਹੇ ਵਿਚ ਹਰ ਮਹੀਨੇ ਲਗਭਗ 300 ਲੋੜਵੰਦ ਲੋਕਾਂ ਨੂੰ 750 ਰੂ. ਤੋਂ ਲੈ ਕੇ 3000 ਰੂ. ਤੱਕ ਪੈਨਸ਼ਨ ਦਿੱਤੀ ਜਾਂਦੀ ਹੈ। ਸਰਕਾਰੀ ਸਕੂਲਾਂ ਵਿਚ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਰਨ ਲਈ R.O. ਦਾਨ ਵਜੋਂ ਦਿੱਤੇ ਜਾ ਰਹੇ ਹਨ। ਇਸ ਟਰੱਸਟ



ਦੀ ਖਾਸੀਅਤ ਇਹ ਹੈ ਕਿ ਟਰੱਸਟ ਵਲੋਂ ਕਿਸੇ ਤੋਂ 1 ਰੁ. ਵੀ ਦਾਨ ਵਜੋਂ ਨਹੀਂ ਲਿਆ ਜਾਂਦਾ। ਸਾਰਾ ਖਰਚਾ ਡਾ. ਐਸ.ਪੀ. ਸਿੰਘ ਓਬਰਾਏ ਆਪਣੀ ਨੇਕ ਕਮਾਈ ਵਿਚੋਂ ਕਰ ਰਹੇ ਹਨ। ਟਰੱਸਟ ਵੱਲੋ ਬਠਿੰਡਾ ਜਿਲ੍ਹੇ ਦੇ ਵੱਖ-ਵੱਖ ਸਥਾਨਾ ਤੇ 9 ਲੈਬੋਰੇਟਰੀ ਕੰਮ ਕਰ ਰਹੀਆਂ ਹਨ। ਜਿੱਥੇ ਮਾਰਕੀਟ ਰੇਟ ਦੇ 10ਵੇਂ ਹਿੱਸੇ ਤੇ ਟੈਸਟ ਕੀਤੇ ਜਾਂਦੇ ਹਨ। ਟਰੱਸਟ ਵਲੋਂ ਜਲਦ ਹੀ ਪਿੰਡ ਕੁੱਤੀਵਾਲ ਵਿਖੇ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਰਘਵੀਰ ਸ਼ਰਮਾ, ਬਲਵੀਰ ਸਿੰਘ, ਪਰਮਜੀਤ ਸਿੰਘ ਢਿੱਲੋ, ਸੁਰਿੰਦਰ ਸਿੰਘ ਧਾਲੀਵਾਲ, ਸਰਦਾਰ ਜੋਗਿੰਦਰ ਸਿੰਘ, ਪ੍ਰੀਤਮ ਸਿੰਘ , ਸਰਦਾਰ ਸੁਖਮੰਦਰ ਸਿੰਘ ਰਿਟਾਇਰਡ ਹੈਡ ਮਾਸਟਰ ਸਾਰੇ ਸਰਬੱਤ ਦਾ ਭਲਾ ਬਠਿੰਡਾ ਇਕਾਈ ਦੇ ਮੈਂਬਰ ਅਤੇ ਪਿੰਡ ਵੱਲੋਂ ਸਰਦਾਰ ਬਲਦੇਵ ਸਿੰਘ ਢਿੱਲੋਂ ਸਾਬਕਾ ਸਰਪੰਚ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਪੰਚ ਮਲਕੀਤ ਸਿੰਘ ਹਾਜਰ ਸਨ। ਕੈਂਪ ਦੀ ਸਮਾਪਤੀ ਤੇ ਜਿਲ੍ਹਾ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਸਮੂਹ ਨਗਰ ਨਿਵਾਸੀਆਂ ਸਿਪਲਾ ਕੰਪਨੀ ਅਪੈਕਸ ਹਸਪਤਾਲ ਰਾਮਪੁਰਾ, ਸਮੂਹ ਨਗਰ ਨਿਵਾਸੀ ਅਤੇ ਗ੍ਰਾਮ ਪੰਚਾਇਤ ਮੰਡੀ ਕਲਾਂ ਗੁਰੂਦੁਆਰਾ ਪ੍ਰਬੰਧਕ ਕਮੇਟੀ ਲੋਕਲ ਗੁਰਦੁਆਰਾ ਸਾਹਿਬ ਦਾ ਧੰਨਵਾਦ ਕੀਤਾ ਹਾਜ਼ਰ ਸਨ।

# ਇੰਟਰ ਮਾਈਮੀ ਦੀ ਟੀਮ ਨੇ ਵੈਨਕੂਵਰ ਵਾਈਟਸ ਕੈਪਸ ਦੀ ਟੀਮ ਨੂੰ 3-1 ਨਾਲ ਹਰਾ ਕੇ ਐਮ ਐਲ ਐਸ ਕੱਪ ਤੇ ਕੀਤਾ ਕਬਜ਼ਾ

**ਵੈਨਕੂਵਰ (ਮਲਕੀਤ ਸਿੰਘ)–** ਵੈਨਕੂਵਰ ਮਹਾਨ-ਗਰ ਵਿੱਚ ਕੌਮਾਂਤਰੀ ਪੱਧਰ ਦੇ ਆਯੋਜਿਤ ਕਰਵਾਏ ਗਏ ਮੇਜਰ ਲੀਗ ਫੁਟਬਾਲ ਦੇ ਫਾਈਨਲ ਮੁਕ-ਾਬਲੇ ਦੌਰਾਨ ਇੰਟਰ ਮਾਇਮੀ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੈਨਕੂਵਰ ਵਾਈਟਸ ਕੈਪਸ ਦੀ ਟੀਮ ਨੂੰ 3-1 ਦੇ ਫਰਕ ਨਾਲ ਹਰਾ ਕੇ ਐਮ ਐਲ ਐਸ ਕੱਪ ਟਰਾਫੀ ਜਿੱਤ ਲਈ ਹੈ ਇਸ ਇਤਿਹਾਸਿਕ ਜਿੱਤ ਕਾਰਨ ਇੰਟਰ ਮਾਇਮੀ ਦੀ ਟੀਮ ਨੇ ਅੰਤਰਰਾਸ਼ਟਰੀ ਫੁੱਟਬਾਲ ਜਗਤ ਵਿੱਚ ਆਪਣਾ ਵਿਸ਼ੇਸ਼ ਸਥਾਨ ਕਾਇਮ ਕਰ ਲਿਆ ਅੱਜ ਦੇ ਫਾਈਨਲ ਮੈਚ ਦੇ ਸ਼ੁਰੂਆਤੀ ਦੌਰ ਦੌਰਾਨ ਇੰਟਰ ਮਿਆਮੀ ਦੀ ਟੀਮ ਨੇ ਹਮਲਾਵਰ ਰੁੱਖ ਅਪਣਾਉਂਦਿਆਂ ਅੱਜ ਦੇ ਇਸ ਅਹਿਮ ਮੈਚ ਤੇ ਆਪਣੀ ਬੜਤ ਕਾਇਮ ਕਰ ਲਈ ਇਸ ਟੀਮ ਵੱਲੋਂ ਪਹਿਲੇ ਹਾਫ ਦੌਰਾਨ ਦੋ ਗੋਲ ਦਰਜ ਕੀਤੇ ਗਏ ਜਦੋਂ ਕਿ ਦੂਜੇ ਹਾਫ ਵਿੱਚ ਵੈਨਕੂਵਰ ਵਾਈਟ ਕੈਪਸ ਦੀ ਟੀਮ ਵੱਲੋਂ ਪਲੜਾ ਬਰਾਬਰ ਕਰਨ ਦੀ ਕੀਤੀ ਗਈ ਕੋਸ਼ਿਸ਼ ਕਾਮਯਾਬ ਨਾ ਹੋ ਸਕੀ ਦੂਜੇ ਹਾਫ ਦੌਰਾਨ ਵੈਨਕੂਵਰ ਵਾਈਟ ਕੈਪਸ ਦੀ ਟੀਮ ਵੱਲੋਂ ਇੱਕ ਗੋਲ ਦਰਜ ਕਰਨ ਮਗਰੋਂ ਭਾਵੇਂ ਕਿ ਮੈਚ ਦਿਲਚਸਪ ਬਣਿਆ ਨਜ਼ਰੀ ਆਇਆ, ਪਰੰਤੂ ਇੰਟਰ ਮਾਇਮੀ ਦੀ ਟੀਮ ਨੇ ਅਖੀਰਲੇ ਪਲਾਂ ਵਿੱਚ ਇੱਕ ਤੀਸਰਾ ਗੋਲ ਕਰਕੇ ਮੈਚ ਨੂੰ ਪੂਰੀ ਤਰ੍ਹਾਂ ਆਪਣੇ ਪੱਖ ਵਿੱਚ ਕਰ ਲਿਆ ਮੈਚ ਦੀ ਸਮਾਪਤੀ ਉਪਰੰਤ ਜੇਤੂ ਟੀਮ ਦੇ ਖਿਡਾਰੀਆਂ,ਸਟਾਫ ਅਤੇ ਸਮਰਥਕਾਂ ਵਿੱਚ ਖੁਸ਼ੀ ਨਾਲ ਜੋਸ਼ ਭਰਿਆ ਨਜ਼ਰੀਂ ਆਇਆ ਇਸ ਮੌਕੇ ਤੇ ਬਹੁ ਗਿਣਤੀ ਖੇਡ ਪ੍ਰੇਮੀ ਜਿੱਤ ਦੀ ਖੁਸ਼ੀ ਚ ਝੂਮਦੇ ਨਜ਼ਰ ਆਏ।



**ਖੁਸ਼ੀ ਦੇ ਰੌਂਅ ਵਿੱਚ ਜੇਤੂ ਟੀਮ**

# ਸਲਾਨਾ ਸਿੱਖ ਸ਼ਹੀਦੀ ਦਿਵਸ 20 ਦਸੰਬਰ ਨੂੰ- ਤਿਆਰੀਆਂ ਮੁਕੰਮਲ




**ਵੈਨਕੂਵਰ (ਮਲਕੀਤ ਸਿੰਘ)–** ਕਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ ਵੱਲੋਂ ਸਥਾਨਕ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 20 ਦਸੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਤੋਂ ਸ਼ਾਮੀ 4 ਵਜੇ ਤੱਕ ਸਰੀ ਸਥਿਤ ਗਰੈਂਡ ਤਾਜ ਬੈਂਕਟ ਹਾਲ ਚ ਸਲਾਨਾ ਸ਼ਹੀਦੀ ਦਿਵਸ ਸਮਾਗਮ ਆਯੋਜਿਤ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਲੜੀਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਡਾ ਜਗਜੀਤ ਸਿੰਘ ਨੇ ਉਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਸਮਾਗਮ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਅਤੇ ਚਾਰ ਸਾਹਿਬਜ਼ਾਦਿਆਂ ਸਮੇਤ ਸਿੱਖ ਕੌਮ ਦੇ ਹੋਰਨਾਂ ਸਮੂਹ ਸਿੱਖ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ ਆਯੋਜਿਤ ਕਰਵਾਇਆ ਜਾਂਦਾ ਹੈ ਇਸ ਮੌਕੇ ਤੇ ਪੁੱਜਣ ਵਾਲੇ ਉੱਘੇ ਬੁੱਧੀਜੀਵੀਆਂ ਭਾਈ ਸ਼ਿਵਤੇਗ ਸਿੰਘ, ਬੀਬੀ ਜਸਬੀਰ ਕੌਰ ਖਾਲਸਾ, ਅਤੇ ਭਾਈ ਗੁਰਸ਼ਰਨ ਸਿੰਘ ਵੱਲੋਂ ਹਾਜ਼ਰ ਸੰਗਤਾਂ ਨਾਲ ਧਾਰਮਿਕ ਵਿਚਾਰਾਂ ਦੀ ਸਾਂਝ ਪਾਈ ਜਾਵੇਗੀ ਉਹਨਾਂ ਸਮੂਹ ਸੰਗਤਾਂ ਨੂੰ ਇਹ ਸਮਾਗਮ ਵਿੱਚ ਵੱਧ ਚੜ ਕੇ ਪੁੱਜਣ ਦੀ ਅਪੀਲ ਕੀਤੀ ਇਸ ਮੌਕੇ ਤੇ ਉਹਨਾਂ ਦੇ ਨਾਲ ਜਸਬੀਰ ਸਿੰਘ, ਕੇਸਰ ਸਿੰਘ ਅਠਵਾਲ, ਅਤੇ ਮਨਜੀਤ ਸਿੰਘ ਵੀ ਹਾਜ਼ਰ ਸਨ ।

# ਆਪਣੇ ਨਵੇ ਸਿੰਗਲ ਟਰੈਕ "ਗੈਗਸਟਰ ਪੁੱਤ ਮਾਂ ਦਾ" ਨੂੰ ਰੀਲੀਜ਼ ਕਰਨ ਫ਼ਰੀਦਕੋਟ ਪਹੁੰਚੇ :- ਉਘੇ ਲੋਕ ਗਾਇਕ ਮੰਦਰ ਮਿਰਜੇ ਕੇ



**ਫ਼ਰੀਦਕੋਟ (ਸ਼ਿਵਨਾਥ ਦਰਦੀ)** ਅੱਜ ਆਪਣੇ ਨਵੇ ਸਿੰਗਲ ਟਰੈਕ "ਗੈਗਸਟਰ ਪੁੱਤ ਮਾਂ ਦਾ" ਨੂੰ ਰੀਲੀਜ਼ ਕਰਨ ਸ਼ਾਹੀ ਹਵੇਲੀ ਫ਼ਰੀਦਕੋਟ ਪਹੁੰਚੇ , ਪ੍ਰਸਿੱਧ ਕਬੱਡੀ ਕਮੈਂਟਰ ਤੇ ਉਘੇ ਲੋਕ ਗਾਇਕ ਮੰਦਰ ਮਿਰਜੇ ਕੇ ।

ਓਨਾਂ ਸਰੋਤਿਆਂ ਨਾਲ ਗੱਲਬਾਤ ਦੌਰਾਨ ਦੱਸਿਆਂ ਕਿ ਇਹ ਸਿੰਗਲ ਟਰੈਕ ਖੇਡ ਜਗਤ ਨਾਲ ਸਬੰਧਤ ਨੌਜਵਾਨ ਦੀ ਅਸਲ ਦਾਸਤਾਨ ਹੈ। ਉਹ ਕਿਸ ਤਰਾਂ ਗੰਦੀ ਰਾਜਨੀਤੀ ਭੇਂਟ ਚੜ੍ਹਿਆ ਅਤੇ ਸਰਕਾਰਾ ਵੱਲੋ ਉਸ ਨੂੰ ਕਿਵੇ ਗੈਗਸਟਰ ਐਲਾਨਿਆ ਗਿਆਂ। ਅਸੀ ਆਖਿਰ ਗੀਤ ਵਿਚ ਉਸ ਨੌਜਵਾਨ ਦੀ ਤਸਵੀਰ ਦਿਖਾਈ ਹੈ। ਅਸੀ ਇਸ ਗੀਤ ਦੇ ਫਿਲਮਾਂਕਣ ਨੂੰ ਤਿਆਰ ਕਰਨ ਵਿਚ ਕੋਈ ਕਸਰ ਨਹੀ ਛੱਡੀ, ਫਿਲਮਾਂਕਣ ਨੂੰ ਤਿਆਰ ਕਰਨ ਵਿਚ ਤਕਰੀਬਨ ਦੋ ਮਹੀਨੇ ਲੱਗ ਗਏ। ਇਹ ਵੱਖ ਵੱਖ ਲੋਕੇਸ਼ਨਾਂ ਤੇ ਫਿਲਮਾਇਆ ਗਿਆ ਹੈ। ਇਸ ਵਿਚ ਮੇਰੇ ਬਹੁਤ ਸਾਰੇ ਅਜੀਜ ਦੋਸਤਾਂ ਦਾ ਸਹਿਯੋਗ ਹੈ। ਮੇਰੀ ਸਰੋਤਿਆ ਅੱਗੇ ਬੇਨਤੀ ਹੈ, ਓਹ ਇਸ ਨੂੰ ਸੁਣਨ ਤੇ ਅੱਗੇ ਸੇਅਰ ਕਰਨ ਤਾਂ ਜੋ ਸਾਡੀ ਦਿਨ ਰਾਤ ਕੀਤੀ ਮਿਹਨਤ ਦਾ ਮੁੱਲ ਮੁੜ ਸਕੇ। ਇਸ ਸਮੇ ਬਲਕਰਨ ਮੱਲੀ ਲੁਹਾਮ,ਰਾਣਾ ਲੌਹਰੀਆ,ਅਮਿਰਤ ਖਲਚੀਆਂ, ਬਲਕਾਰ ਕੈਲਾਸ਼, ਰਣਦੀਪ ਨੰਬਰਦਾਰ ਕੈਲਾਸ਼,ਚਰਨ ਬਰਾੜ ਕੈਲਾਸ਼, ਕਿਸਾਨ ਯੂਨੀਅਨ ਏਕਤਾ ਫਤਿਹ ਪੰਜਾਬ ਦੇ ਗੁਰਜੀਤ ਹੈਰੀ ਢਿੱਲੋ,ਬਲਵਿੰਦਰ ਸਿੰਘ ਗਰਲਾਲ ਸਿੰਘ ਅਮਜਦ ਖਾਨ , ਧਰਮਿੰਦਰ ਸਿੰਘ, ਕੇ.ਪੀ. ਸਿੰਘ ਸਰਾਂ , ਸਾਹਿਤਕਾਰ ਸ਼ਿਵਨਾਥ ਦਰਦੀ ਤੇ ਆਸ਼ੀਸ਼ ਕੁਮਾਰ ਆਦਿ ਹਾਜ਼ਰ ਸਨ।




# ਮਾਤਾ ਮਹਿੰਦਰ ਕੌਰ ਨਮਿਤ ਪਾਠ ਦਾ ਭੋਗ 9 ਦਸੰਬਰ ਨੂੰ




**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਇਲਾਕੇ ਦੀ ਨਾਮਵਰ ਸਖਸ਼ੀਅਤ ਸਵਰਗੀ ਸਰਦਾਰ ਸ਼ੰਕਰ ਸਿੰਘ ਭਾਟੀਆ ਦੀ ਧਰਮ ਪਤਨੀ ਅਤੇ ਸਤਨਾਮ ਸਿੰਘ ਰਾਜੂਮਾਜਰਾ ਦੇ ਸਤਿਕਾਰਤ ਮਾਤਾ ਬੀਬੀ ਮਹਿੰਦਰ ਕੌਰ ਜੋ ਬੀਤੇ ਦਿਨੀਂ ਆਪਣੇ ਸਵਾਸਾਂ ਦੀ ਪੂੰਜੀ ਭੋਗ ਕੇ ਗੁਰੂ ਚਰਨਾਂ 'ਚ ਜਾਂ ਬਿਰਾਜੇ ਸਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਭਾਟੀਆ ਪਰਿਵਾਰ ਵਲੋਂ ਸ਼੍ਰੀ ਸਹਿਜ ਪਾਠ ਦੇ ਭੋਗ 9 ਦਸੰਬਰ ਦਿਨ ਮੰਗਲਵਾਰ ਨੂੰ ਪਿੰਡ ਰਾਜੂਮਾਜਰਾ ਵਿਖੇ ਪਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਦੇ ਪੁੱਤਰ ਹਰਚਰਨ ਸਿੰਘ ਭਾਟੀਆ ਅਤੇ ਅਜੀਤਪਾਲ ਸਿੰਘ ਭਾਟੀਆ ਨੇ ਦੱਸਿਆ ਕਿ ਮਾਤਾ ਮਹਿੰਦਰ ਕੌਰ ਨਮਿਤ ਪਾਠ ਦੇ ਭੋਗ ਪਾਉਣ ਉਪਰੰਤ ਸ਼ਰਧਾਂਜੀਆ ਭੇਟ ਕੀਤੀਆਂ ਜਾਣਗੀਆਂ।

# ਬਲਾਕ ਸੰਮਤੀ ਜੋਨ ਥੋਪੀਆਂ ਤੋਂ ਆਮ ਆਦਮੀ ਪਾਰਟੀ ਦੀ ਜਸਵਿੰਦਰ ਕੌਰ ਉਮੀਦਵਾਰ ਨਿਯੁਕਤ



**ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )–ਜਿਲ੍ਹਾਂ** ਪਰਿਸ਼ਦ ਤੇ ਬਲਾਕ ਸੰਮਤੀ ਦੀਆ ਹੋ ਰਹੀਆ ਚੋਣਾਂ ਵਿੱਚ ਬਲਾਕ ਸੰਮਤੀ ਜੋਨ ਥੋਪੀਆਂ ਤੋਂ ਜਸਵਿੰਦਰ ਕੌਰ ਪਤਨੀ ਰਾਜ ਕੁਮਾਰ ਜੋ ਕਿ ਪੜ੍ਹੇ ਲਿਖੇ ਸੂਝਵਾਨ ਤੇ ਮਿਹਨਤੀ ਹਨ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਨੇ ਆਪਣਾ ਉਮੀਦਵਾਰ ਐਲਾਨਿਆ । ਹਲਕਾ ਵਿਧਾਇਕ ਮੈਡਮ ਸੰਤੋਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦਾ ਅਗੁਵਾਈ ਵਾਲੀ ਸਰਕਾਰ ਵਿੱਚ ਇਲਾਕੇ ਵਿੱਚ ਬਿਨਾਂ ਭੇਦਭਾਵ ਦੇ ਵਿਕਾਸ ਹੋ ਰਿਹਾ ਹੈ । ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਜੋਨ ਥੋਪੀਆਂ ਤੋਂ ਜਸਵਿੰਦਰ ਕੌਰ ਨੂੰ ਭਾਰੀ ਲੀਡ ਨਾਲ ਜਿਤਾ ਕੇ ਪਾਰਟੀ ਦੀ ਝੋਲੀ ਜਿੱਤ ਪਾਈ ਜਾਵੇਗੀ।

# ਕੈਨੇਡੀਅਨਾ ਨੂੰ ਬਰਫੀਲੇ ਉਲੂਆਂ ਦੀ ਝਲਕ ਵੇਖਣ ਦਾ ਮਿਲ ਸਕਦੈ ਦੁਰਲਭ ਮੌਕਾ!

## ਬਰਫੀਲੇ ਇਲਾਕਿਆਂ ਚ ਰਹਿਣ ਵਾਲੇ ਉੱਲੂਆਂ ਦੀ ਆਮਦ ਹੋਣ ਦੀ ਸੰਭਾਵਨਾ ਵਧੀ

**ਵੈਨਕੂਵਰ, (ਮਲਕੀਤ ਸਿੰਘ)–** ਕੈਨੇਡਾ ਚ ਸ਼ੁਰੂ ਹੋ ਚੁੱਕੇ ਸਰਦੀਆਂ ਦੇ ਮੌਸਮ ਦੌਰਾਨ ਅਗਲੇ ਦਿਨਾਂ ਚ ਚੱਲਣ ਵਾਲੀਆਂ ਠੰਡੀਆਂ ਸੀਤ ਹਵਾਵਾਂ ਅਤੇ ਬਰਫੀਲੇ ਤੂਫਾਨ ਦੀ ਸੰਭਾਵਨਾ ਦੇ ਮੱਦੇ ਨਜ਼ਰ ਬਰਫੀਲੇ ਪਹਾੜਾਂ ਚ ਰਹਿਣ ਵਾਲੇ ਉੱਲੂਆਂ ਦੀ ਘੱਟ ਠੰਡ ਵਾਲੇ ਇਲਾਕਿਆਂ ਵੱਲ ਆਰਜੀ ਤੌਰ ਤੇ ਆਮਦ ਹੋਣ ਦਾ ਕਿਆਸ ਕੀਤਾ ਜਾ ਰਿਹਾ ਹੈ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਅਤੇ ਮੌਸਮ ਵਿਭਾਗ ਦੇ ਮਾਹਿਰਾਂ ਵੱਲੋਂ ਸਾਂਝੀ ਕੀਤੀ ਗਈ ਇੱਕ ਜਾਣਕਾਰੀ ਮੁਤਾਬਕ ਕਨੇਡਾ ਦੇ ਦੱਖਣ ਦੇ ਕੁਝ ਇਲਾਕਿਆਂ ਚ ਅਜਿਹੇ ਉੱਲੂਆਂ ਨੂੰ ਵੇਖਣ ਦਾ ਦੁਰਲੱਭ ਮੌਕਾ ਮਿਲ ਸਕਦਾ ਹੈ। ਮਾਹਿਰਾਂ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਪੰਛੀਆਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਅਜਿਹੇ ਉੱਲੂਆਂ ਨੂੰ ਕਿਸੇ ਤਰ੍ਹਾਂ ਨਾਲ ਪਰੇਸ਼ਾਨ ਨਾ ਕੀਤਾ ਜਾਵੇ।



for more news visit:
www.samajweekly.com

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com